# ਤੇਰੇ ਨਾਲ...

(ਕਾਵਿ-ਸੰਗ੍ਰਹਿ)

## ਲੇਖਕ ਦਾ ਸਾਹਿਤ ਰਚਨਾ-ਜਗਤ

| | |
|---|---|
| ਰਾਤ ਦਾ ਰੇਗਿਸਤਾਨ | (ਕਾਵਿ-ਸੰਗ੍ਰਹਿ) |
| 'ਤੇ ਅੱਖਰ ਬੋਲ ਪਏ | (ਕਾਵਿ-ਸੰਗ੍ਰਹਿ) |
| ਬੂੰਦ ਤੋਂ ਸਾਗਰ | (ਕਾਵਿ-ਸੰਗ੍ਰਹਿ) |
| ਜੀਵਨ ਦੇ ਅੰਗ-ਸੰਗ | (ਨਿਬੰਧ-ਸੰਗ੍ਰਹਿ) |
| ਸਵੇਰੇ-ਸਵੇਰੇ | (ਲਘੂ-ਲੇਖ) |
| ਕੰਪਿਊਟਰ ਨਾਲ ਮੁੱਢਲੀ ਜਾਣ-ਪਛਾਣ | (ਗਿਆਨ ਸਾਹਿਤ) |
| ਮਾਈਕਰੋਸਾਫ਼ਟ ਵਰਡ | (ਗਿਆਨ ਸਾਹਿਤ) |
| ਕੰਪਨੀ ਕਾਨੂੰਨ | (ਗਿਆਨ ਸਾਹਿਤ) |
| ਜਿੱਤ ਦਾ ਮਾਰਗ | (ਪ੍ਰੇਰਣਾ ਸਾਹਿਤ) |
| ਖ਼ੁਸ਼ੀ ਦੀ ਖੋਜ | (ਅਨੁਵਾਦ) |
| ਬੁੱਢਾ ਆਦਮੀ ਅਤੇ ਸਮੁੰਦਰ | (ਅਨੁਵਾਦ) |
| ਐਨੀਮਲ ਫ਼ਾਰਮ | (ਅਨੁਵਾਦ) |
| ਕੈਸਟਰਬਰਿੱਜ ਦਾ ਮੇਅਰ | (ਅਨੁਵਾਦ) |
| ਅਸੀਮ ਭਾਰਤੀ ਵਿਰਸਾ | (ਅਨੁਵਾਦ) |
| ਬੇਬਾਕ ਕਹਾਣੀਆਂ | (ਅਨੁਵਾਦ) |
| ਸੈਕਸ, ਸਕਾਚ ਅਤੇ ਸਕਾਲਰਸ਼ਿਪ | (ਅਨੁਵਾਦ) |
| ਮੇਰੇ ਜੀਵਨ ਵਿਚ ਆਈਆਂ ਔਰਤਾ ਅਤੇ ਮਰਦ | (ਅਨੁਵਾਦ) |
| ਲੋਕ-ਵੇਦ | (ਸੰਪਾਦਨ) |
| ਅਰਧ ਸਰੀਰੀ ਮੋਖ ਦੁਆਰੀ | (ਸੰਪਾਦਨ) |
| ਬਾਬਾ ਬੰਦਾ ਸਿੰਘ ਬਹਾਦਰ | (ਸੰਪਾਦਨ) |
| ਸਿੱਖੀ ਸਿਦਕ | (ਸੰਪਾਦਨ) |
| ਸਿਰ ਦੀਜੈ ਕਾਣਿ ਨਾ ਕੀਜੈ | (ਸੰਪਾਦਨ) |
| ਜੀਵਨ-ਜੁਗਤ | (ਸੰਪਾਦਨ) |

# ਤੇਰੇ ਨਾਲ...

**ਡਾ. ਧਰਮਿੰਦਰ ਸਿੰਘ ਉੱਭਾ**

*Poetry /Punjabi Poetry*

ISBN : 978-93-5204-

**Tere Naal...**

by

**Dr. Dharminder Singh Ubha**
Principal, GSSDGS Khalsa College, Patiala
Director-Education, S.G.P.C., Chandigarh
M.: +91-98557-11380
E-mail : savidharm@gmail.com

2017

Published by Lokgeet Parkashan
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-4608699, 4608799,4027552

*© 2017*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਣ

ਉਨ੍ਹਾਂ ਖ਼ੂਬਸੂਰਤ ਪਲਾਂ ਨੂੰ
ਜਿਹੜੇ 'ਤੇਰੇ ਨਾਲ' ਵਿਚਰਦੇ ਹੋਏ
ਅਨੁਭਵ ਹੁੰਦੇ ਹਨ
ਅਤੇ
ਜਿਨ੍ਹਾਂ ਸਦਕਾ ਜੀਵਨ ਸਦਾ
ਆਨੰਦ ਵਿਚ ਰਹਿੰਦਾ ਹੈ।

ਤੇਰੇ ਨਾਲ

ਖ਼ੁਸ਼ੀਆਂ-ਖੇੜੇ

ਸੁੱਖ-ਆਨੰਦ

ਸਭ ਕੁਝ

ਬਹੁਤ ਸੁਹਾਵਣਾ

ਬਸ

ਨਾਲ ਹੀ ਰਹਿ !

ਇਹੋ ਦੁਆ !!



# ਤੇਰੇ ਨਾਲ...

'ਤੇਰੇ ਨਾਲ...' ਮੇਰੀ ਕਵਿਤਾ ਦੀ ਚੌਥੀ ਪੁਸਤਕ ਹੈ। ਮੈਨੂੰ ਕਵਿਤਾ ਲਿਖਕੇ ਅਤੇ ਉਸ ਨੂੰ ਵਾਰ-ਵਾਰ ਪੜ੍ਹਕੇ ਤੇ ਸੁਣਾਕੇ ਚਾਅ ਜਿਹਾ ਚੜ੍ਹ ਜਾਂਦਾ ਹੈ। ਮੈਂ ਕਵਿਤਾ ਲਿਖਣ ਤੋਂ ਬਾਅਦ ਜੋ ਖ਼ੁਸ਼ੀ, ਆਨੰਦ ਤੇ ਸਕੂਨ ਮਹਿਸੂਸ ਕਰਦਾ ਹਾਂ ਉਹ ਹੋਰ ਕਿਸੇ ਵੱਡੀ ਤੋਂ ਵੱਡੀ ਪ੍ਰਾਪਤੀ 'ਤੇ ਵੀ ਨਹੀਂ ਹੋ ਸਕਦਾ। ਮੈਨੂੰ ਕਵਿਤਾ ਨਾਲ ਸੱਚ-ਮੁੱਚ ਦਾ ਰੱਜ ਆਉਂਦਾ ਹੈ ਤੇ ਮੈਂ ਆਪਣੇ ਆਪ ਨੂੰ ਭਰਿਆ-ਭਰਿਆ ਮਹਿਸੂਸ ਕਰਦਾ ਹਾਂ। ਮੇਰਾ ਕਵਿਤਾ ਲਿਖਣ ਦਾ ਕੋਈ ਸਮਾਂ ਨਹੀਂ ਤੇ ਜਦ ਕਵਿਤਾ ਮੈਨੂੰ ਆ ਜਾਂਦੀ ਹੈ ਤਾਂ ਫਿਰ ਮੈਂ ਉਸ ਪਲ ਨੂੰ ਹੱਥੋਂ ਨਹੀਂ ਜਾਣ ਦਿੰਦਾ ਅਤੇ ਉਸੇ ਪਲ ਆਪਣੇ ਮੋਬਾਈਲ ਤੇ ਟਾਈਪ ਕਰ ਦਿੰਦਾਂ ਹਾਂ।

ਮੇਰੀ ਇਸ ਪੁਸਤਕ ਦਾ ਨਾਮ 'ਤੇਰੇ ਨਾਲ...' ਰੱਖਣ ਦਾ ਇਕ ਖਾਸ ਮਕਸਦ ਹੈ। ਇਸ 'ਤੇਰੇ ਨਾਲ...' ਦੀ ਕਹਾਣੀ ਬੂੰਦ ਤੋਂ ਸਾਗਰ ਤਕ ਦੇ ਸਫ਼ਰ ਦੀ ਕਹਾਣੀ ਹੈ। ਮੇਰੇ ਮਨ ਦੇ ਪਾਤਰ ਬਹੁਤ ਸਹਿਜ ਵਿਚ ਰਹਿੰਦੇ ਹੋਏ ਦੋਨੋਂ ਅਨੁਭਵ ਕਰਦੇ ਹਨ। ਉਹ ਰੂਹ ਦੀ ਯਾਤਰਾ ਕਰਦੇ ਹੋਏ ਵੀ ਜੀਵਨ ਦੀ ਵਾਸਤਵਿਕਤਾ ਨਾਲੋਂ ਜੁਦਾ ਨਹੀਂ ਹੁੰਦੇ।

ਤੇਰੇ ਤੋਂ ਬਿਨਾਂ ਤਾਂ ਮੈਂ ਕੁਝ ਵੀ ਨਹੀਂ
ਤੇ ਤੇਰੇ ਨਾਲ ਮੈਨੂੰ ਕੁਝ ਵੀ ਲੋੜੀਂਦਾ ਨਹੀਂ
ਤੇਰੇ ਨਾਲ
ਆਨੰਦ ਹੀ ਆਨੰਦ ਹੈ
ਖੁਸ਼ੀਆਂ ਖੇੜੇ
ਮੌਜ ਬਹਾਰਾਂ
ਤੇਰੇ ਨਾਲ ਕੋਈ ਸ਼ਿਕਵਾ ਨਹੀਂ ਮੇਰੇ ਯਾਰ
ਤੇਰੇ ਨਾਲ
ਮੈਂ ਪੂਰਨ ਹਾਂ...

ਮੇਰਾ ਸਾਰਾ ਪਰਿਵਾਰ ਕਵਿਤਾ ਹੈ ਤੇ ਮੇਰੇ ਸਾਰੇ ਯਾਰ ਕਵਿਤਾ ਹਨ। ਸਭ ਦਾ ਧੰਨਵਾਦ...ਸ਼ੁਕਰੀਆ। ਮੇਰੀ ਕਵਿਤਾ ਦੇ ਤੁਸੀਂ ਹੀ ਤਾਂ ਸਾਰੇ ਪਾਤਰ ਹੋ!

ਤੁਹਾਡਾ

ਧਰਮਿੰਦਰ ਸਿੰਘ ਉੱਭਾ

## ਤਤਕਰਾ


| | |
|---|---|
| ਬਾਦਸ਼ਾਹ ਦਰਵੇਸ਼ | 1 |
| ਮੈਂ ਉਡੀਕ ਕਰਾਂਗਾ | 4 |
| ਤਕਰਾਰ | 5 |
| ਮੈਨੂੰ ਮੁਆਫ਼ ਕਰੀਂ | 6 |
| ਮਹਿਲ ਨੁਮਾਂ ਘਰ | 7 |
| ਖ਼ਤਰਨਾਕ ਪਸ਼ੂ | 9 |
| ਸਮਰਪਣ | 10 |
| ਜਵਾਲਾਮੁਖੀ ਫਟਣ ਵਾਲਾ ਹੈ | 12 |
| ਅੰਨ-ਦਾਤਾ | 14 |
| ਕੋਈ ਜਗ੍ਹਾ ਹੀ ਨਹੀਂ ਸਾਡੇ ਪਾਸ | 16 |
| ਕੁਝ ਸਮਝ ਨਹੀਂ ਆ ਰਿਹਾ | 18 |
| ਪਿਤਾ ਨੂੰ... | 19 |
| ਰੂਹ ਤੇ ਰੋਟੀ | 22 |
| ਬੇਸਮਝੀ... | 24 |
| ਜਿਉਣ ਦਾ ਮਾਰਗ | 25 |
| ਏਨਾ ਸਖ਼ਤ ਨਾ ਹੋ | 27 |
| ਕਵਿਤਾ ਨੂੰ... | 29 |
| ਦੱਬ ਕੇ ਵਾਹ ਤੇ ਭੁੱਖਾ ਜਾਹ | 30 |
| ਵਸਲ ਤੇ ਵਿਛੋੜਾ | 31 |
| ਸ਼ਕਤੀਸ਼ਾਲੀ ਬੂੰਦ | 32 |
| ਮੇਰੀ ਮਾਂ | 33 |
| ਤੇਰੇ ਨਾਲ ਗੁਜ਼ਰਦਾ ਪਲ | 35 |
| ਉਰਮਿਲ ਉਦਾਸ ਹੈ... | 36 |
| ਆ ਉੱਡ ਚੱਲੀਏ! | 39 |
| ਤੁਰੀ ਚੱਲ ਸ਼ਾਇਰਾ... | 41 |
| ਨਿਸ਼ਾਨ ਸਾਹਿਬ... | 43 |
| ਮਜ਼ਦੂਰ ਨੂੰ... | 45 |
| ਤੂੰ ਮੈਂ... | 47 |
| ਸੱਚੀ ਮੁਹੱਬਤ ਨੂੰ ਕਦੇ ਮੰਜ਼ਿਲ ਨਹੀਂ ਮਲਦੀ... | 48 |
| ਰਾਮ-ਭੀਲਣੀ... | 50 |
| ਪਾਰਸ ਛੋਹ | 51 |
| ਤੇਰਾ ਮੇਰਾ ਕੀ ਰਿਸ਼ਤਾ? | 53 |
| ਬਾਹਰ ਕਿਉਂ ਭੱਜਿਆ ਫਿਰਦੈਂ? | 56 |
| ਕੰਡਾ ਤੇ ਗ਼ੁਲਾਬ | 57 |
| ਮਦਾਰੀ ਦੀ ਡੁਗ-ਡੁਗੀ | 58 |
| ਕਾਹਲ | 60 |
| ਬੱਚਾ | 63 |
| ਬਹੁਤ ਦਿਲ ਕਰਦੈ | 64 |
| ਆਪਣਾ ਵੀ ਇਕ ਆਲ੍ਹਣਾ ਹੋਵੇ? | 66 |
| ਮਿਲਣ ਦਾ ਵਾਅਦਾ | 68 |
| ਤਲਾਸ਼ | 69 |
| ਕੋਕੋ | 71 |
| ਨਜ਼ਰ | 73 |
| ਫੁੱਲ ਦਾ ਖਿੜਣਾ | 75 |
| ਦੁੱਖ ਤੇ ਧਰਵਾਸਾ | 77 |
| ਦੋ ਸਮੁੰਦਰਾਂ ਦਾ ਮਿਲਣ! | 79 |
| ਉਹ ਚਿੜੀਆਂ | 80 |
| ਰੱਬ ਦੀ ਸੂਰਤ ਤੇ ਸੀਰਤ | 82 |
| ਸ਼ਾਂਤ ਮੈਂ ਕਿਹਾ | 84 |
| ਕਾਵਿ-ਪੁਸਤਕਾਂ ਦੀ ਕਵਿਤਾ | 85 |
| ਆਨੰਦ ਦਾ ਰਾਹ | 86 |

ਨਿੱਕੀ ਜਿਹੀ ਬੂੰਦ 88
ਹਮਸਫ਼ਰ ਤੇ ਹਮਰਾਜ਼ 90
ਬੱਚਾ, ਪੂਰਾ ਸੱਚਾ! 92
ਧੀ 93
ਮਿੱਠੂ ਤੋਤਾ 95
ਸ਼ਬਦ ਦਾ ਰਾਹ 98
ਅੰਤਰ-ਝਾਤ 100
ਹਾੜਾ! ਟੁੱਟ ਨਾ! 102
ਸਭ ਕੁਝ ਤੇਰੇ ਨਾਮ 104
ਡੁੱਬੇ ਹੀ ਰਹਿਣਾ ਲੋਚਦਾ ਹਾਂ! 106
ਮਿਲਣ ਦੀ ਤਾਂਘ 107
ਤੇਰੇ ਦਰ ’ਤੇ 108
ਮੈਂ ਕੌਣ ਅਜਨਬੀ ਹਾਂ? 109
ਪਰਮ-ਆਨੰਦ ਤੱਕ! 111
ਯਾਤਰੂ 112
ਦੁਰਯੋਧਨ 114
ਬੂੰਦ ’ਤੇ ਮਾਣ 116
ਪਿਆਰ ਕਰ! ਸਰਸ਼ਾਰ ਕਰ! 117

## ਬਾਦਸ਼ਾਹ ਦਰਵੇਸ਼

ਬਹੁਤ ਲੰਮੀ ਉਡੀਕ ਬਾਅਦ
ਮਾਂ ਗੁਜਰੀ ਦੀ ਸੁਲੱਖਣੀ ਕੁੱਖ ਵਿਚੋਂ
ਅਕਾਲ ਦੀ ਜੋਤ ਲੈ ਕੇ
ਕਰਤਾਰੀ ਸ਼ਕਤੀਆਂ ਨਾਲ ਭਰਪੂਰ
ਮੁਹੱਬਤ ਦਾ ਇਕ ਮਸੀਹਾ
ਹੱਕ ਤੇ ਸੱਚ ਦਾ ਸੂਰਜ ਬਣਕੇ
ਜਦ ਚਮਕਿਆ
ਤਾਂ
ਸਾਰੀ ਧਰਤ ਜਗ-ਮਗ, ਜਗ-ਮਗ ਹੋ ਗਈ!
ਹਵਾਵਾਂ ਉਸਦੇ ਆਗਮਨ ਦੇ ਤਰਾਨੇ ਗਾਉਣ ਲੱਗੀਆਂ
ਤੇ
ਸਾਰੀ ਕਾਇਨਾਤ ਖ਼ੁਸ਼ੀ ਵਿਚ ਝੂੰਮਣ ਲੱਗ ਪਈ।
ਧਰਤ ਦੇ ਇਤਿਹਾਸ ਵਿਚ
ਇਹ ਘਟਨਾ ਅਲੌਕਿਕ ਸੀ
ਜੋ
ਇਤਿਹਾਸ ਨੇ ਪਹਿਲਾਂ ਕਦੇ ਨਹੀਂ ਸੀ ਤੱਕੀ।
ਗੋਬਿੰਦ ਦਾ ਪ੍ਰਕਾਸ਼ ਹੋਇਆ
ਸਾਰੀ ਧਰਤ ਗੋਬਿੰਦ ਹੋ ਗਈ
ਤੇ
ਗੋਬਿੰਦ 'ਹਰਿ' ਤੇ 'ਹਰਿ' ਗੋਬਿੰਦ ਹੋ ਗਿਆ।
ਅੱਖ ਖੁੱਲ੍ਹੀ
ਅਜੇ ਚਾਂਈ ਚਾਂਈ ਖੇਡਣ ਦੀ ਹੀ ਰੁੱਤ ਸੀ

ਕਿ
ਉਸ ਐਸਾ ਕੌਤਿਕ ਰਚਾ ਦਿੱਤਾ
ਪਿਤਾ ਕੁਰਬਾਨ ਕੀਤਾ
ਇਹ ਜਗਤ ਬਚਾ ਦਿੱਤਾ।
ਬਣ ਆਪੇ ਗੁਰ-ਚੇਲਾ ਉਸ
ਅੰਮ੍ਰਿਤ ਐਸਾ ਛਕਾ ਦਿੱਤਾ
ਗਿੱਦੜਾਂ ਵਾਂਗਰ ਡਰਦਿਆਂ ਨੂੰ
ਬੱਬਰ ਸ਼ੇਰ ਬਣਾ ਦਿੱਤਾ।
ਉਸ ਅਣਖ਼ ਦਾ
ਐਸਾ ਦੀਪ ਜਗਾ ਦਿੱਤਾ
ਦੱਬੇ-ਕੁਚਲੇ ਹੰਭੇ-ਹਾਰੇ
ਬੇਬਸਿਆਂ ਨੂੰ
ਖ਼ਾਲਸ ਬਣਾ ਦਿੱਤਾ।
ਉਹ ਜ਼ੁਲਮ-ਜ਼ਬਰ ਨਾਲ ਲੜਿਆ ਸੀ
ਉਹ ਵਾਂਗ ਚਟਾਨਾਂ ਅੜਿਆ ਸੀ
ਬਾਦਸ਼ਾਹਾਂ ਨਾਲ ਲੈ ਕੇ ਟੱਕਰ
ਉਹ ਸੰਗ ਮਜ਼ਲੂਮਾਂ ਖੜ੍ਹਿਆ ਸੀ।
ਉਸਦੇ ਚੋਜ
ਸਾਰੇ ਹੀ ਨਿਆਰੇ ਸਨ
ਲੋਕਾਂ ਨੂੰ ਵਾਰਨ ਤੋਂ ਪਹਿਲਾਂ
ਉਸ
ਪੁੱਤ ਆਪਣੇ ਹੀ ਵਾਰੇ ਸਨ।
ਸ਼ਖ਼ਸੀ ਪੂਜਾ ਨੂੰ
ਉਸ ਜੜੋਂ ਮਿਟਾ ਦਿੱਤਾ



'ਸ਼ਬਦ' ਨੂੰ ਗੁਰੂ ਬਣਾ ਕੇ
ਲੜ ਉਸ ਦੇ ਲਾ ਦਿੱਤਾ।
ਉਹ ਅਸੀਮ ਦਾ ਤਿਆਗ ਸੀ
ਉਹ ਤਪੱਸਵੀ ਲਾਮਿਸਾਲ ਸੀ
ਉਹ ਬਾਦਸ਼ਾਹ ਦਰਵੇਸ਼ ਸੀ
ਉਹ ਸ਼ਹਿਨਸ਼ਾਹ ਕਮਾਲ ਸੀ।
ਉਹ ਜੋਤ ਇਲਾਹੀ ਸੀ
ਉਹ ਸੰਤ ਸਿਪਾਹੀ ਸੀ
ਉਹ ਸੋਚ ਬਾ-ਕਮਾਲ ਸੀ
ਉਹ ਖ਼ੁਦ ਹੀ ਅਕਾਲ ਸੀ।

## ਮੈਂ ਉਡੀਕ ਕਰਾਂਗਾ

ਮੇਰੇ ਯਾਰ
ਆ ਬੈਠ
ਕਰ ਦਿਲ ਦੀਆਂ ਗੱਲਾਂ
ਬਹੁਤ ਹੋ ਗਿਆ ਹੁਣ
ਹੋਰ ਸਬਰ ਨਹੀਂ ਹੋ ਰਿਹਾ
ਬਹੁਤ ਅੱਕ ਗਿਆ ਹਾਂ
ਬਹੁਤ ਥੱਕ ਗਿਆ ਹਾਂ।
ਕੀ ਕਿਹਾ?
ਅਜੇ ਤੇਰੇ ਕੋਲ ਵਕਤ ਨਹੀਂ?
ਤੂੰ ਬਹੁਤ ਰੁੱਝਿਆਂ ਹੋਇਆਂ ਹੈਂ?
ਅਜੇ ਹੋਰ ਉਡੀਕ ਕਰਾਂ?
ਤੇਰੀ ਮਰਜ਼ੀ...
ਮੈਂ ਤੇਰੀ ਉਡੀਕ
ਸ਼ਾਇਦ ਤੈਨੂੰ ਨਹੀਂ ਪਤਾ
ਕਦ ਤਕ ਕਰ ਸਕਦਾਂ...
ਤਦ ਤਕ
ਜਦ ਮੈਂ
ਤੇਰਾ ਨਹੀਂ ਹੋ ਜਾਂਦਾ
ਮੈਂ ਉਡੀਕ ਕਰਾਂਗਾ
ਯਾਦ ਰੱਖੀਂ!
ਮੈਂ ਤੇਰਾ ਹੋ ਕੇ ਰਹਾਂਗਾ।



## ਤਕਰਾਰ

ਤੂੰ ਕੀ ਹੈਂ ਮੇਰੇ ਯਾਰ?
ਮੇਰਾ ਪਿਆਰ?
ਪਰ ਇਸ ਤਰ੍ਹਾਂ
ਨਾ ਦੁਰਕਾਰ ਮੇਰੇ ਯਾਰ।
ਲੱਗਦਾ ਮੈਂ ਜਿੱਤ ਰਿਹਾਂ
ਪਰ
ਇਸ ਜਿੱਤ ਨੇ
ਸਾਂਭ ਰੱਖੀ ਹੈ ਹਾਰ।
ਤਕਰਾਰ
ਸਦਾ ਚੱਲਦਾ ਰਹਿੰਦਾ
ਮੇਰਾ ਪਿਆਰ
ਤੇ ਤੇਰਾ ਤਕਰਾਰ।
ਤੂੰ ਕੈਸਾ ਕਰਦੈਂ ਪਿਆਰ
ਕਦੇ ਕਰਕੇ ਤਾਂ ਦਿਖਾ
ਭੋਰਾ ਇਜ਼ਹਾਰ।
ਮੈਂ ਹਾਂ ਸ਼ਰਮਸਾਰ
ਗੁਨਾਹਗ਼ਾਰ
ਛੱਡ ਯਾਰ
ਨਾ ਜਿਉਂਦਾ ਮਾਰ
ਮੁਆਫ਼ ਕਰ
ਮੇਰੇ ਬਖ਼ਸ਼ਣਹਾਰ।

## ਮੈਨੂੰ ਮੁਆਫ਼ ਕਰੀਂ

ਮੇਰੀ ਸੁਹਿਰਦ ਸੋਚ
ਮੇਰੀ ਸੱਚੀ ਤੇ ਸੁੱਚੀ ਸੇਵਾ
ਤੇ
ਮੇਰੀ ਇਲਾਹੀ ਸ਼ਰਧਾ
ਨੂੰ ਵੀ
ਜੇਕਰ ਸ਼ੱਕ ਦਾ ਗ੍ਰਹਿਣ ਲੱਗ ਸਕਦਾ ਹੈ
ਤਾਂ ਮੈਂ ਹੋਰ ਕੀ ਆਖ ਸਕਦਾ ਹਾਂ...
ਮੇਰੇ ਦੋਸਤ
ਮੈਨੂੰ ਮੁਆਫ਼ ਕਰੀਂ
ਮੇਰੀ ਹਰ ਭੁੱਲ ਚੁੱਕ ਲਈ
ਮੈਨੂੰ ਮੁਆਫ਼ ਕਰੀਂ
ਕਿਉਂਕਿ ਮੇਰੇ ਪਾਸ
ਸਿਵਾਏ ਮੁਆਫ਼ੀ ਮੰਗਣ ਦੇ
ਕੁਝ ਹੋਰ ਬਚਿਆ ਹੀ ਨਹੀਂ।



## ਮਹਿਲ ਨੁਮਾਂ ਘਰ

ਬਹੁਤ ਵਿਸ਼ਾਲ
ਮਹਿਲ ਨੁਮਾਂ ਘਰ
ਵੱਡੇ ਵੱਡੇ ਕਮਰੇ
ਪਲੰਘ, ਸੋਫੇ, ਸਜਾਵਟੀ ਸਮਾਨ
ਤੇ
ਲਿਸ਼ ਲਿਸ਼ ਕਰਦੇ
ਚਮਕਾਂ ਮਾਰਦੇ
ਬਿਜਲੀ ਦੇ ਅਨੇਕਾਂ ਲਾਟੂ।
ਭੋਜਨਾਂ ਦੀ ਵੀ ਭਰਮਾਰ
ਪਤਾ ਹੀ ਨਹੀਂ ਲੱਗਦਾ
ਕੀ ਖਾਣ ਵਾਲਾ ਹੈ
ਕਿਵੇਂ ਖਾਣਾ ਹੈ
ਤੇ
ਨੌਕਰ ਚਾਕਰ
ਭੱਜੇ ਫਿਰਦੇ ਨੇ
ਅੱਗੇ ਪਿੱਛੇ
ਸੇਵਾ ਲਈ ਹਾਜ਼ਰ।
ਪਰ ਘਰ ਦਾ ਬੰਦਾ
ਕਿਧਰੇ ਨਹੀਂ ਲੱਭ ਰਿਹਾ
ਪਤਾ ਨਹੀਂ
ਕਿੱਥੇ ਗੁਆਚ ਗਿਆ ਹੈ
ਘਰ ਦਾ ਮਾਲਕ

ਏਨੇ ਵੱਡੇ ਘਰ ਵਿਚ?
ਆਓ ਆਪਾਂ ਰਲ਼ ਕੇ
ਤਲਾਸ਼ ਕਰੀਏ
ਜੇ ਕਿਧਰੇ ਲੱਭ ਪਵੇ।



## ਖ਼ਤਰਨਾਕ ਪਸ਼ੂ

ਕਹਿੰਦੇ ਨੇ
ਕਿ ਬੰਦੇ ਦੇ ਅੰਦਰ
ਬਹੁਤ ਖ਼ਤਰਨਾਕ ਪਸ਼ੂ ਹੁੰਦਾ ਹੈ।
ਬੰਦਾ ਬੁਰਾ ਨਹੀਂ ਹੁੰਦਾ
ਪਰ ਜਦ ਉਸ ਦਾ ਅੰਦਰ ਵਾਲਾ ਪਸ਼ੂ
ਭੜਕ ਜਾਂਦਾ ਹੈ
ਤਾਂ ਉਹ ਖ਼ੂੰਖ਼ਾਰ ਹੋ ਜਾਂਦਾ ਹੈ।
ਤੇ ਮੈਂ ਵੀ ਸੱਚ-ਮੁੱਚ ਬੁਰਾ ਨਹੀਂ।
ਤੂੰ ਇਸ ਤਰ੍ਹਾਂ ਨਾ ਕਰ
ਮੇਰੇ ਨਾਲ, ਮੇਰੇ ਦੋਸਤ
ਅਰਾਮ ਵਿਚ ਹੀ ਰਹਿਣ ਦੇ
ਮੇਰੇ ਅੰਦਰਲੇ ਪਸ਼ੂ ਨੂੰ
ਕਿਉਂਕਿ ਮੈਂ
ਬੁਰਾ ਨਹੀਂ ਬਣਨਾ
ਬਿਲਕੁਲ ਵੀ ਨਹੀਂ।
ਕਿਤੇ ਪਸ਼ੂ ਜਾਗ ਨਾ ਪਵੇ!

## ਸਮਰਪਣ

ਇਹ ਮੰਨਿਆਂ ਜਾਂਦਾ ਹੈ
ਕਿ
ਸਮਰਪਣ ਵਿਚ ਹੀ
ਸਾਰੀ ਸ਼ਾਂਤੀ ਹੈ
ਸਹਿਜ ਹੈ
ਤੇ
ਸਕੂਨ ਹੈ
ਤਾਂ ਫਿਰ
ਇਹ ਸੰਘਰਸ਼ ਕਿਉਂ?
ਜਦ
ਜੋ ਵੀ ਹੁੰਦਾ ਹੈ
ਠੀਕ ਹੀ ਹੁੰਦਾ ਹੈ
ਅਤੇ
ਤੇਰਾ ਹੁਕਮ ਹੀ
ਅੰਤਿਮ ਹੈ
ਤਾਂ
ਫਿਰ ਇਹ ਬੇਚੈਨੀ ਕਾਹਦੀ?
ਤੂੰ ਕੀ ਹੈਂ ਯਾਰ?
ਕਦੇ ਆਪਣਾ
ਦਿਲ ਚੱਜ ਨਾਲ ਖੋਲ੍ਹ ਕੇ ਤਾਂ ਦੱਸ।
ਕੀ ਕਿਹਾ?
ਮੈਂ ਤੇਰੀ ਚੁੱਪ ਵਿਚੋਂ ਸਮਝਾਂ?



ਫਿਰ ਇਹ ਸੁਮੱਤ ਬਖ਼ਸ਼
ਕੁਝ ਰਾਹ ਪਾ
ਕੋਈ ਰਾਹ ਦਿਖਾ
ਤਾਂ ਜੋ
ਤੇਰੀ ਚੁੱਪ ਨੂੰ
ਕੁਝ ਜਾਣ ਸਕਾਂ।

# ਜਵਾਲਾਮੁਖੀ ਫਟਣ ਵਾਲਾ ਹੈ

ਧਰਤੀ ਦਾ ਇਤਿਹਾਸ ਦੱਸਦਾ ਹੈ
ਕਿ ਇਹ ਚੱਟਾਨਾ ਦੇ ਸੀਨੇ ਪਾੜ ਕੇ
ਹੋਂਦ ਵਿਚ ਆਈ ਸੀ।
ਇਕ ਜਵਾਲਾਮੁਖੀ ਫ਼ਟਿਆ ਸੀ
ਤੇ
ਸਦੀਆਂ-ਦਰ-ਸਦੀਆਂ ਸੇਕ ਝੱਲ ਕੇ
ਇਸਨੇ ਆਪਣੀ ਹੋਂਦ ਧਾਰਨ ਕੀਤੀ।
ਕੁਝ ਦੋਸਤ ਸਵਾਲ ਕਰਦੇ ਨੇ
ਜਵਾਲਾਮੁਖੀ ਕਿਵੇਂ ਫ਼ਟਦਾ ਹੈ?
ਮੇਰਾ ਜਵਾਬ ਹੁੰਦਾ ਹੈ
ਸ਼ਾਂਤ ਤੇ ਇਕਾਗਰ ਚਿੱਤ ਹੋ ਕੇ
ਮਨ ਦੇ ਰਸਤੇ ਰਾਹੀਂ
ਦਿਲ ਨਾਲ ਗੱਲਾਂ ਕਰੋ
ਤੁਹਾਨੂੰ ਪਤਾ ਲੱਗ ਜਾਵੇਗਾ
ਕਿ
ਇਹ ਕਿਵੇਂ ਫ਼ਟਦਾ ਹੈ
ਕਿਉਂਕਿ ਇਹ ਫ਼ਟਣ ਹੀ ਵਾਲਾ ਹੈ।
ਪਰ ਉਹ ਬਿਲਕੁਲ ਬੇਪਰਵਾਹ
ਬੇਖ਼ੌਫ਼
ਤੇ
ਬੇਮਾਅਨੇ ਤੁਰੇ ਫਿਰਦੇ ਹਨ



ਇਹ ਜਾਣਦੇ ਹੋਏ ਵੀ
ਕਿ ਜਵਾਲਾਮੁਖੀ ਫ਼ਟਣ ਵਾਲਾ ਹੈ।
ਯਾਦ ਰੱਖਣਾ
ਉਨ੍ਹਾਂ ਤੋਂ ਇਹ ਸੇਕ
ਝੱਲਿਆ ਨਹੀਂ ਜਾਣਾ!

## ਅੰਨ-ਦਾਤਾ

ਅੰਨ-ਦਾਤਾ,
ਤੂੰ ਅੰਨ ਦਾ ਦਾਤਾ ਬਣਿਆਂ ਹੈਂ
ਆਪ ਧੁੱਪਾਂ ਵਿਚ ਸੜਦਾ ਹੈਂ ਕਿਉਂਕਿ ਤੂੰ
ਪਾਲੇ ਦੇ ਵਿਚ ਠਰਦਾ ਹੈਂ
ਸਭਨਾ ਦਾ ਢਿੱਡ ਭਰਦਾ ਹੈਂ
ਪਰ
ਖ਼ੁਦ ਭੁੱਖਾ ਮਰਦਾ ਹੈਂ।
ਸਾਰੇ ਹੀ ਇਹ ਕਹਿੰਦੇ ਨੇ
ਦਾਤੇ ਤੋਂ ਉੱਚਾ ਕੋਈ ਨਹੀਂ
ਦਾਤੇ ਤੋਂ ਸੁੱਚਾ ਕੋਈ ਨਹੀਂ
ਉਹ ਦੇਵਣ-ਹਾਰ ਹੈ
ਉਹ ਦਾਤਾਂ ਵੰਡਦਾ ਹੈ
ਉਹ ਦਾਤਾ-ਦਾਤਾਰ ਹੈ।
ਉਸ ਨੂੰ ਕਿਸੇ ਤੱਕਿਆ ਨਹੀਂ
ਪਰ ਤੂੰ ਉਹ 'ਦਾਤਾ' ਹੈ
ਜੋ ਸਭ ਦਾ ਪਾਲਣਹਾਰ ਹੈ।
ਤੂੰ ਤੁਰਦਾ-ਫਿਰਦਾ ਦਾਤਾਰ ਹੈਂ।
ਪਰ ਕਰ ਦਿੱਤਾ ਲਾਚਾਰ ਹੈਂ।
ਤੇਰੀ ਲੈਂਦਾ ਕੋਈ ਸਾਰ ਨਹੀਂ
ਕੋਈ ਲੱਗਦਾ ਮਦਦਗਾਰ ਨਹੀਂ
ਤੇ ਕਰਦਾ ਕੋਈ ਪਿਆਰ ਨਹੀਂ...।
ਤੱਕ ਕੇ ਤੇਰੀ ਹਾਲਤ ਨੂੰ



ਕੋਈ ਹੁੰਦਾ ਸ਼ਰਮਸਾਰ ਨਹੀਂ।
ਤੂੰ ਜਿਉਣਾ ਕਿਉਂ ਛੱਡ ਦਿੱਤਾ
ਤੇ ਰਾਹ ਕਿਹੜੇ ਤੁਰਿਆ?
ਮੈਂ ਕਰ ਵਿਰਲਾਪ ਰਿਹਾ...
ਸਾਡਾ ਦਾਤਾ ਰੁੱਸ ਗਿਆ।
ਜੇ ਦਾਤਾ ਹੀ ਚੱਲ ਵਸਿਆ
ਸਭ ਸੋਗੀ ਹੋ ਜਾਣਾ
ਨਾ ਦਾਤਾਂ ਆਉਣਗੀਆਂ
ਨਾ ਖ਼ੁਸ਼ੀਆਂ ਰਹਿਣਗੀਆਂ।
ਰਲ਼ ਕਰੋ ਦੁਆਵਾਂ
ਇਹ ਰੋਟੀ-ਦਾਤਾ
ਖ਼ੁਦ ਰੋਟੀ ਖਾਵੇ...
ਇਹ ਖ਼ੁਸ਼ੀਆਂ ਮਾਣੇ
ਇਹ ਹੱਸੇ-ਵੱਸੇ
ਇਹ ਨੱਚੇ-ਟੱਪੇ
ਇਹ ਜੁਗ-ਜੁਗ ਜੀਵੇ
ਇਹ ਦਾਤਾ ਸਾਡਾ
ਅਸੀਂ ਇਸਦੇ ਕਾਰਣ।

## ਕੋਈ ਜਗ੍ਹਾ ਹੀ ਨਹੀਂ ਸਾਡੇ ਪਾਸ

ਤੈਨੂੰ ਬਿਠਾਉਣ ਲਈ ਕੋਈ ਜਗ੍ਹਾ ਹੀ ਨਹੀਂ ਸਾਡੇ ਪਾਸ
ਸਾਡਾ ਤਾਂ ਬਹੁਤ ਭਰਿਆ ਹੋਇਆ ਹੈ ਸਭ ਕੁਝ
ਤਰ੍ਹਾਂ-ਤਰ੍ਹਾਂ ਦੇ ਸਮਾਨ ਨਾਲ
ਲੱਭਣ 'ਤੇ ਵੀ
ਕੋਈ ਖੱਲ-ਖੂੰਜਾ
ਅਜਿਹਾ ਨਹੀਂ ਮਿਲਦਾ
ਜਿੱਥੇ ਕੁਝ
'ਚੱਜ ਦਾ' ਰੱਖਣ ਦੀ ਗੁੰਜਾਇਸ਼ ਹੋਵੇ।
ਸੋਚਦਾ ਹਾਂ
ਇਹ ਖਾਲੀ
ਕਿਵੇਂ ਤੇ ਕਦੋਂ ਹੁੰਦਾ ਹੈ?
ਇਸਦਾ ਜਵਾਬ
ਲੱਭਣ ਲਈ ਵੀ
ਜ਼ਰੂਰਤ ਪੈਂਦੀ ਹੈ
ਇਸਦੇ ਕਿਸੇ ਨਾ ਕਿਸੇ ਖਾਲੀ ਹਿੱਸੇ
ਵਿਚ ਜਾਣ ਦੀ।
ਜੇਕਰ ਉਹ ਥਾਂ ਲੱਭ ਪਵੇ
ਫਿਰ ਉਸ ਨਾਲ ਮੁਲਾਕਾਤ ਹੋਣੀ ਸ਼ੁਰੂ ਹੋ ਜਾਂਦੀ ਹੈ
ਤੇ
ਹੌਲ਼ੀ-ਹੌਲ਼ੀ ਬਾਕੀ ਸਾਰਾ ਸਮਾਨ ਅਲੋਪ ਹੋ ਜਾਂਦਾ ਹੈ
ਤੇ
ਫਿਰ ਇਸ ਪੂਰਨ ਰੂਪ ਵਿਚ ਖਾਲੀ ਥਾਂ ਵਿਚ



ਉਹ
ਆਪ ਆ ਬੈਠਦਾ ਹੈ
ਤੇ
ਉਸਦੇ ਹੁੰਦੇ
ਕਿਸੇ ਹੋਰ ਸਮਾਨ ਦੀ ਕੋਈ ਲੋੜ ਨਹੀਂ ਹੁੰਦੀ।
ਪਰ
ਉਹ ਆਉਂਦਾ
ਉਸ ਖਾਲੀ ਥਾਂ ਵਿਚ ਹੀ ਹੈ
ਜਿਹੜੀ ਪੂਰੀ ਤਰ੍ਹਾਂ ਭਾਰ ਮੁਕਤ ਹੋਵੇ।

## ਕੁਝ ਸਮਝ ਨਹੀਂ ਆ ਰਿਹਾ

ਤੇਰੇ ਬਿਨ
ਬੇਚੈਨੀ, ਉਪਰਾਮ
ਤੇ
ਉਦਾਸੀ ਵਧਦੀ ਹੀ ਜਾ ਰਹੀ ਹੈ।
ਮੈਂ
ਬਹੁਤ ਕੋਸ਼ਿਸ਼ ਕਰਦਾ ਹਾਂ
ਕਿ
ਤੇਰੀ ਹੋਂਦ ਨੂੰ
ਆਪਣੀ ਹੋਂਦ ਦਾ
ਅੰਗ ਮੰਨ ਕੇ
ਸ਼ਾਂਤ ਹੋ ਜਾਵਾਂ
ਤੇ ਸਹਿਜ ਵਿਚ ਆ ਜਾਵਾਂ।
ਪਰ
ਦਿਨ-ਬ-ਦਿਨ
ਬਿਰਹਾ ਦੀ ਤੜਫ਼
ਵਧਦੀ ਹੀ ਜਾ ਰਹੀ ਹੈ।
ਮੈਨੂੰ ਚਾਨਣ ਦਿਖਾ
ਮੇਰੇ ਆਕਾ।
ਮੈਂ
ਵਿੱਛੜਿਆਂ ਤੇਰੇ ਤੋਂ ਹਾਂ
ਜਾਂ
ਆਪਣੇ ਆਪ ਤੋਂ
ਕੁਝ ਸਮਝ ਨਹੀਂ ਆ ਰਿਹਾ।
ਕੀ ਕਰਾਂ?



## ਪਿਤਾ ਨੂੰ . . .

ਤੂੰ
ਚਾਲਕ ਹੈਂ,
ਪ੍ਰਿਤ-ਪਾਲਕ ਹੈਂ,
ਮੇਰਾ
ਦਰਦ-ਨਿਵਾਰਕ ਹੈਂ।
ਤੇਰੇ ਨਾਲ
ਮੇਰੀ ਧੜਕਣ ਹੈ
ਤੂੰ ਸੱਚ-ਮੁੱਚ
ਮੇਰੀ ਰੂਹ ਨੂੰ ਸਿੰਜਦਾ ਹੈਂ
ਤੇ
ਮੈਂ ਜਿਉਂਦੇ ਹੋਣ ਦਾ ਅਹਿਸਾਸ ਮਾਣਦਾ ਹਾਂ।
ਤੂੰ ਸਬਕ ਪੜ੍ਹਾਉਂਦਾ ਨਹੀਂ
ਸਬਕ ਸਿਖਾਉਂਦਾ ਹੈ
ਸਬਕ ਜਿਉਂਦਾ ਹੈ।
ਤੂੰ
ਅਜਿਹੀ ਖੁੱਲ੍ਹੀ ਕਿਤਾਬ ਹੈਂ
ਜਿਸਦਾ ਇਕ-ਇਕ ਸ਼ਬਦ
ਬਹੁਤ ਗਹਿਰੇ ਅਰਥ ਰੱਖਦਾ ਹੈ
ਤੇ ਮੈਂ
ਮੈਂ ਇਸ ਕੋਸ਼ਿਸ਼ ਵਿਚ ਹੁੰਦਾ ਹਾਂ
ਕਿ ਹਰ ਦਿਨ ਦੋ-ਚਾਰ ਸ਼ਬਦਾਂ
ਨੂੰ

ਆਪਣਾ ਬਣਾ ਲਵਾਂ।
ਤੂੰ ਸੱਚ ਹੈਂ ਸੁਕਰਾਤ ਵਰਗਾ
ਮੈਂ ਜਦੋਂ ਤੇਰੇ ਕਿਰਤ ਦੇ ਧਰਮ ਨੂੰ ਦੇਖਦਾ ਹਾਂ
ਤਾਂ
ਮੈਂ ਤੈਨੂੰ ਬਾਬੇ ਨਾਨਕ ਦੇ ਅਸਲੀ ਵਾਰਿਸ ਵਜੋਂ ਤੱਕਦਾ ਹਾਂ।
ਮੈਂ ਸੋਚਦਾ ਹਾਂ
ਤੇਰੇ ਵਿਚ ਜਰੂਰ
ਭਾਈ ਲਾਲੋ ਦੀ ਰੂਹ ਹੋਵੇਗੀ
ਤਾਂ ਹੀ ਤਾਂ
ਬਾਬਾ ਨਾਨਕ ਤੈਨੂੰ
ਅਸ਼ੀਰਵਾਦਾਂ ਦੇ ਗੱਫ਼ੇ ਵੰਡ ਰਿਹਾ ਹੈ।
ਮੈਂ ਕੋਸ਼ਿਸ਼ ਕਰਦਾ ਹਾਂ
ਕਿ ਮੈਂ ਵੀ ਤੇਰੇ ਹੱਕ-ਸੱਚ ਤੇ ਕਿਰਤ ਦੇ ਧਰਮ ਤੋਂ
ਚਰਨਾਮਤ ਰੂਪੀ ਦਾਤ ਲੈ ਕੇ
ਉਸ ਮਾਰਗ 'ਤੇ ਤੁਰ ਸਕਾਂ।
ਮੈਂ ਪੂਰੀ ਤਰ੍ਹਾਂ ਤੂੰ ਬਣਨਾ ਲੋਚਦਾ ਹਾਂ।
ਤੂੰ ਤਾਂ
ਸਦਾ
ਮੇਰੇ ਲਈ
ਇਕ ਰਵਾਨੀ ਨਾਲ ਵਗ਼ਦਾ ਦਰਿਆ ਰਿਹਾ ਹੈਂ।
ਮੈਂ ਹਰ ਪਲ
ਨਿਆਮਤਾਂ ਦਾ ਪਰਸਾਦਿ ਲੈ ਕੇ
ਆਨੰਦ ਦੇ ਸ਼ਿਖ਼ਰ 'ਤੇ ਰਹਿੰਦਾ ਹਾਂ।
ਇਹ ਬਰਕਤਾਂ ਤਾਂ ਤੇਰੀਆਂ ਨੇ



ਤੇ
ਮਾਣ ਰੱਜ-ਰੱਜ ਮੈਂ ਰਿਹਾ ਹਾਂ।
ਤੂੰ
ਮੇਰਾ ਸਰਦਾਰ ਹੈਂ
ਮੇਰੀ ਸਿਰਕਾਰ ਹੈਂ
ਜੇ ਪੂਰਾ ਸੱਚ ਕਹਾਂ
ਤਾਂ ਕਰਤਾਰ ਹੈਂ।
ਮੇਰਾ ਇਹ ਸਿਜਦਾ ਹੈ ਤੇਰੇ ਲਈ
ਤੇ ਮੇਰਾ ਲੱਖ-ਲੱਖ ਨਮਸਕਾਰ ਹੈ।

## ਰੂਹ ਤੇ ਰੋਟੀ

ਤੇਰਾ ਇਹ ਸ਼ਿਕਵਾ
ਬਿਲਕੁਲ ਜਾਇਜ਼ ਹੈ
ਕਿ ਮੈਨੂੰ ਰੂਹ ਦੀਆਂ ਗੱਲਾਂ ਕਰਨੀਆਂ ਨਹੀਂ ਆਉਂਦੀਆਂ।
ਇਹ ਵੀ ਠੀਕ ਹੈ
ਕਿ ਮੈਨੂੰ
ਮੁਹੱਬਤ ਦੇ ਮਾਅਨੇ ਨਹੀਂ ਪਤਾ
ਮੈਂ ਸੁਪਨ-ਬਾਤਾਂ ਨਹੀਂ ਜਾਣਦਾ
ਤੇ
ਨਾ ਹੀ ਮੈਨੂੰ ਦੋਸਤੀ ਦਾ ਕੋਈ ਇਲਮ ਹੈ।
ਮੈਂ ਤਾਂ
ਅਜੇ ਰੋਟੀ ਦੇ ਹੀ ਅਰਥ ਕੱਢਣ ਵਿਚ ਉਲਝਿਆਂ ਪਿਆ ਹਾਂ;
ਮੇਰੀਆਂ ਰੂਹ ਦੀਆਂ ਗੱਲਾਂ
ਅਜੇ ਖੇਤਾਂ ਦੀ ਮਿੱਟੀ ਵਿਚ ਹੀ
ਬੋਈਆਂ ਜਾ ਰਹੀਆਂ ਹਨ
ਏਸ ਆਸ ਨਾਲ
ਕਿ ਸ਼ਾਇਦ ਉੱਥੋਂ
ਕੋਈ ਮੁਹੱਬਤ ਦੀ ਫ਼ਸਲ ਉੱਗ ਪਵੇ।
ਮੈਂ
ਬਹੁਤ ਸੱਚੀ ਦੋਸਤੀ ਨਿਭਾ ਰਿਹਾ ਹਾਂ
ਮੇਰੀ ਭੋਇਂ ਨਾਲ
ਮੇਰੇ ਬੀਜੇ ਸੁਪਨੇ ਕੁਝ ਵੀ ਨਹੀਂ ਉਪਜ ਰਹੇ।
ਕੀ ਦੱਸਾਂ ਯਾਰ



ਕੁਝ ਵੀ ਤਾਂ ਬਾ-ਵਫ਼ਾ ਨਹੀਂ ਹੋ ਰਿਹਾ
ਅਜੇ ਤਾਂ ਰੋਟੀ ਵੀ
ਅਰਥਾਂ ਤੋਂ ਬਾਹਰ ਹੋ ਰਹੀ ਹੈ
ਰੂਹਦਾਰੀ ਕੀ ਕਰਾਂ?

## ਬੇਸਮਝੀ ...

ਚੁੱਪ ਆਖ ਰਹੀ ਹੈ
ਮੈਂ ਬਿਲਕੁਲ ਨਹੀਂ ਬੋਲਣਾ
ਜੇ
ਇਸ ਤਰ੍ਹਾਂ ਹੀ
ਕੁਝ ਸਮਝ ਸਕਦਾ ਹੈਂ
ਤਾਂ ਸਮਝ।
ਮੈਂ ਲਗਾਤਾਰ
ਬੋਲੀ ਹੀ ਜਾ ਰਿਹਾ ਹਾਂ
ਬਿਨਾਂ ਚੁੱਪ ਨੂੰ ਸਮਝੇ
ਤੇ
ਬਿਨਾਂ ਚੁੱਪ ਤੋਂ ਕੁਝ ਸਮਝੇ;
ਬੇਸਮਝ ਜੋ ਹਾਂ
ਨਾ ਚੁੱਪ ਹੋਣਾ ਜਾਣਦਾ ਹਾਂ
ਤੇ
ਨਾ ਹੀ ਉਸ ਨੂੰ ਸਮਝਣਾਂ।



## ਜਿਉਣ ਦਾ ਮਾਰਗ

ਅੱਖ ਦਾ ਫਰਕਣਾ
ਦਿਲ ਦਾ ਧੜਕਣਾ
ਤੇ
ਜ਼ੁਬਾਨ ਦਾ ਚੱਲਣਾ
ਹੀ ਜਿਉਣਾ ਨਹੀਂ ਹੁੰਦਾ।
ਤੇ
ਨਾ ਹੀ
ਇਹਨਾ ਦੇ ਰੁਕ ਜਾਣ ਨਾਲ ਮੌਤ ਹੁੰਦੀ ਹੈ।
ਜਿਉਣ ਦਾ ਮਾਰਗ
ਬੜਾ ਔਖਾ ਪੈਂਡਾ ਹੁੰਦਾ ਹੈ
ਅਜਿਹਾ ਵਿਖਮ ਪੈਂਡਾ
ਜਦ ਆਤਮਾ ਨੂੰ ਨਾ ਮਾਰਨਾ ਪਵੇ।
ਨਹੀਂ ਤਾਂ ਅਕਸਰ
ਜਿਉਂਦੀਆਂ ਲਾਸ਼ਾਂ ਹੀ ਤੁਰੇ ਫਿਰਦੇ ਹਾਂ
ਸਭ ਕੁਝ ਚੱਲਦੇ ਹੋਏ ਵੀ
ਮੋਇਆਂ ਵਰਗੇ ਹਾਂ।
ਇਕ ਨਹੀਂ
ਕਈ ਕਈ ਵਾਰ ਮਰਦੇ ਹਾਂ।
ਤੇ ਫਿਰ
ਬੇਖੌਫ਼ ਤੇ ਬੇਪ੍ਰਵਾਹ ਹੋ ਜਾਂਦੇ ਹਾਂ
ਮੋਟੀ ਚਮੜੀ ਦੇ ਮਾਲਕ
ਕਹਿਣ ਨੂੰ ਜਿਉਂਦੇ ਹਾਂ

ਆਤਮ-ਹੀਣ ਹੋ ਕੇ ਤੁਰੇ ਫ਼ਿਰਦੇ ਹਾਂ
ਹਰ ਰੋਜ਼ ਮਰਦੇ ਹਾਂ
ਪਰ ਮੌਤ ਨੂੰ ਮਹਿਸੂਸ ਨਹੀਂ ਕਰਦੇ।
ਅੱਖ ਦਾ ਫ਼ਰਕਣਾ
ਦਿਲ ਦਾ ਧੜਕਣਾ
ਤੇ
ਜ਼ੁਬਾਨ ਦਾ ਚੱਲਣਾ
ਹੀ ਜਿਉਣਾ ਨਹੀਂ ਹੁੰਦਾ।
ਅਸਲ ਵਿਚ
ਜਿਉਂਦੇ ਅਖਵਾਉਣ ਲਈ
ਲਾਜ਼ਮੀ ਹੁੰਦਾ ਹੈ
ਆਤਮਾ ਦਾ ਜਿਉਂਦੇ ਹੋਣਾ ਬਹੁਤ ।



## ਏਨਾ ਸਖ਼ਤ ਨਾ ਹੋ

ਏਨਾ ਸਖ਼ਤ ਨਾ ਹੋ
ਟੁੱਟ ਜਾਵੇਂਗਾ
ਦੁੱਖ ਪਾਵੇਂਗਾ
ਤੇ
ਆਖ਼ਿਰ
ਨਿਰਾਸ਼ ਹੋ ਕੇ
ਆਪਣੇ ਆਪ ਨਾਲ ਹੀ
ਰੁੱਸ ਜਾਵੇਂਗਾ।
ਲਚਕ ਰੱਖ
ਤਾ-ਉਮਰ
ਨਿਭਦੀ ਰਹੇਗੀ
ਖ਼ੁਸ਼ ਰਹੇਂਗਾ
ਮੌਜ ਕਰੇਂਗਾ
ਤੇ
ਆਪਣੇ ਆਪ ਨਾਲ
ਸਕੂਨ ਰਹੇਗਾ।
ਯਾਦ ਰੱਖ
ਸਖ਼ਤ ਦਾ ਅਰਥ ਅਸੂਲ ਨਹੀਂ ਹੁੰਦਾ
ਤੇ
ਲਚਕ ਦਾ ਭਾਵ ਝੁਕਣਾ ਨਹੀਂ ਹੈ।
ਸਖ਼ਤ
ਬੇਸਮਝ ਤੇ ਅਨਾੜੀ ਹੈ

ਹਉਮੈ ਨਾਲ ਪੀੜਿਤ
ਆਪਣੇ ਆਪ ਨਾਲ
ਲੜਿਆ ਹੋਇਆ।
ਤੇ
ਲਚਕ
ਸੰਜਮ ਤੇ ਸਹਿਜ ਹੈ
ਦੂਜੇ ਨੂੰ ਸਮਝਣ ਵਾਲਾ
ਦੁੱਖ ਅਤੇ ਪੀੜਾ ਦਾ ਜਾਚਕ
ਆਪਣੇ ਆਪ ਨਾਲ
ਜੁੜਿਆ ਹੋਇਆ।
ਏਨਾ ਸਖ਼ਤ ਨਾ ਹੋ
ਲਚਕ ਰੱਖ।



## ਕਵਿਤਾ ਨੂੰ...

ਤੂੰ ਜਦ ਵੀ ਆਉਂਦੀ ਹੈਂ,
ਆ ਗਲਵੱਕੜੀ ਪਾਉਂਦੀ ਹੈਂ।
ਰੂਹ ਨਸ਼ਿਆ ਜਾਂਦੀ ਹੈ,
ਮਸਤੀ ਛਾ ਜਾਂਦੀ ਹੈ।
ਮੈਂ ਤੈਨੂੰ ਮਿਲਦਾ ਹਾਂ,
ਫੁੱਲ ਵਾਂਗੂੰ ਖਿੜਦਾ ਹਾਂ।
ਨਿੱਘ ਜਿਹਾ ਆਉਂਦਾ ਹੈ,
ਸੀਨੇ ਠੰਢ ਪਾਉਂਦਾ ਹੈ।
ਕਦੇ ਵਸਲ, ਕਦੇ ਵਿਛੋੜਾ ਹੈਂ,
ਕਦੇ ਬਹੁਤਾ, ਕਦੇ ਥੋੜ੍ਹਾ ਹੈਂ।
ਕਦੇ ਰੋਂਦੀ, ਕਦੇ ਮੁਸਕਰਾਉਂਦੀ ਹੈਂ,
ਕਦੇ ਚੁੱਪ, ਕਦੇ ਗਾਉਂਦੀ ਹੈਂ।
ਦਿਲ ਦੀ ਮਿੱਠੜੀ ਆਵਾਜ਼ ਹੈਂ ਤੂੰ,
ਮੇਰੀ ਰੂਹ ਵਿਚ ਵੱਜਦਾ ਸਾਜ਼ ਹੈਂ ਤੂੰ,
ਮੇਰੇ ਹੋਠਾਂ 'ਤੇ ਚੱਲਦਾ ਗੀਤ ਹੈਂ ਤੂੰ,
ਮੇਰਾ ਜ਼ਿੰਦਗੀ ਭਰ ਦਾ ਮੀਤ ਹੈਂ ਤੂੰ।
ਮੇਰਾ ਜੀਵਨ ਮੰਤਵ ਤੂੰ ਹੀ ਤੂੰ,
ਮੇਰਾ ਜੀਵਨ ਅੰਮ੍ਰਿਤ ਤੂੰ ਹੀ ਤੂੰ।
ਦੇਖੀਂ ਕਿਧਰੇ ਛੱਡ ਨਾ ਜਾਵੀਂ ਤੂੰ,
ਉਮਰਾਂ ਦਾ ਸਾਥ ਨਿਭਾਵੀਂ ਤੂੰ।

## ਦੱਬ ਕੇ ਵਾਹ ਤੇ ਭੁੱਖਾ ਜਾਹ

ਦੱਬ ਕੇ ਵਾਹ ਤੇ ਭੁੱਖਾ ਜਾਹ।
ਖ਼ੁਦਕੁਸ਼ੀਆਂ ਦੇ ਪੈ ਜਾ ਰਾਹ।
ਪਸ਼ੂਆਂ ਵਾਂਗਰ ਜੀਵਨ ਜਿਉਂ,
ਰੋਟੀ ਨਹੀਂ ਤਾਂ ਖਾ ਲੈ ਘਾਹ।
ਤੇਰੇ ਦੁਖੜੇ ਨਹੀਂਓ ਸੁਣਨੇ,
ਜਿੱਥੇ ਮਰਜ਼ੀ ਧੱਕੇ ਖਾਹ।
ਕੋਈ ਨਾ ਤੇਰਾ ਬੇਲੀ ਏਥੇ,
ਜਿਸਦੇ ਸੀਨੇ ਨਿੱਕਲੇ ਧਾਹ।
ਹੱਡ ਤੇਰੇ ਨੇ ਦੇਣੇ ਤੋੜ,
ਚਮੜੀ ਤੇਰੀ ਦੇਣੀ ਲਾਹ।
ਸੰਘੀ ਤੇਰੀ ਦੇਣੀ ਨੱਪ,
ਛੱਡਣਾ ਨੀ ਕੋਈ ਤੇਰਾ ਸਾਹ।
ਚਾਦਰ ਦੇਖ ਕੇ ਪੈਰ ਪਸਾਰ
ਦੁਨੀਆਂ ਦੀ ਨਾ ਕਰ ਪਰਵਾਹ।



## ਵਸਲ ਤੇ ਵਿਛੋੜਾ

ਇਹ ਮੇਰਾ ਦਵੰਦ ਹੀ ਹੈ
ਕਿ ਮੈਂ ਇਹ ਸਮਝ ਨਹੀਂ ਰਿਹਾ
ਮੈਂ ਵਸਲ ਦੀ ਦੁਨੀਆਂ ਵਿਚ ਹਾਂ
ਜਾਂ
ਵਿਛੋੜੇ ਦੀ ਵਿਚ?
ਕਈ ਵਾਰ ਵਸਲ ਵਿਚ
ਵਿਛੋੜਾ ਮਹਿਸੂਸ ਹੁੰਦਾ ਹੈ
ਤੇ
ਕਈ ਵਾਰ ਵਿਛੋੜੇ ਵਿਚ ਵੀ
ਵਸਲ ਦੀ ਚਰਮ ਸੀਮਾਂ ਜਾਪਦੀ ਹੈ।
ਮੈਂ ਤੈਨੂੰ ਰੋਜ਼ ਮਿਲਦਾ ਹਾਂ
ਪਰ
ਹੋਰ ਮਿਲਣ ਲਈ ਤੜਫ਼ਦਾ ਹਾਂ।
ਮੈਂ ਤੇਰੇ ਪਾਸੋਂ ਰੋਜ਼ ਵਿਛੜਦਾ ਹਾਂ
ਪਰ
ਫਿਰ ਵੀ ਤੇਰੇ ਪਾਸ ਹੁੰਦਾਂ ਹਾਂ।
ਇਹ ਮਿਲਣਾ-ਵਿਛੜਣਾ
ਮੇਰੀ ਸਮਝ ਤੋਂ ਪਰ੍ਹੇ ਜਾ ਰਿਹਾ ਹੈ
ਤੂੰ ਹੀ ਕੁਝ ਦੱਸ!
ਮੈਂ ਉਡੀਕ ਰਿਹਾ ਹਾਂ
ਹੋਰ ਮਿਲਣ ਲਈ
ਕਿਉਂਕਿ
ਮੇਰੀ ਤੇਹ ਦੀ ਸੀਮਾ ਅਜੇ ਖ਼ਤਮ ਨਹੀਂ ਹੋਈ।

## ਸ਼ਕਤੀਸ਼ਾਲੀ ਬੂੰਦ

ਉਹ ਜੋ
ਇਕ ਬੂੰਦ ਮਾਤਰ ਜਾਪਦਾ ਹੈ
ਪਲ ਵਿਚ
ਸਮੁੰਦਰ ਡੀਕ ਲਾ ਕੇ ਪੀ ਗਿਆ।
ਮੈਂ ਹੈਰਾਨ ਹੋ ਰਿਹਾ ਹਾਂ
ਇਕ ਬੂੰਦ ਵੀ
ਏਨੀ ਸ਼ਕਤੀਸ਼ਾਲੀ ਹੋ ਸਕਦੀ ਹੈ।
ਉਹ ਜਵਾਬ ਦਿੰਦਾ ਹੈ
ਸ਼ਕਤੀਸ਼ਾਲੀ ਤਾਂ ਬੂੰਦ ਹੀ ਹੁੰਦੀ ਹੈ
ਸਭ ਕੁਝ ਸਿਰਜਣ ਵਾਲੀ
ਤੇ
ਮੈਨੂੰ ਦੱਸਦਾ ਹੈ
ਤੂੰ ਬੂੰਦ ਹੀ ਤਾਂ ਸੀ
ਕੀ ਹੋਇਆ
ਜੇ ਹੁਣ ਸਾਗਰ ਹੋ ਗਿਆ।
ਜ਼ਿਆਦਾ ਮਾਣ ਨਾ ਕਰ
ਬੂੰਦ ਨੇ
ਇਕ ਪਲ ਵਿਚ ਤੈਨੂੰ ਡਕਾਰ ਜਾਣਾ
ਤੇ
ਫਿਰ....
ਮੈਂ ਸ਼ਾਂਤ ਹੋ ਜਾਂਦਾ ਹਾਂ।
ਬਿਲਕੁਲ ਸ਼ਾਂਤ।



## ਮੇਰੀ ਮਾਂ

ਮੇਰੀ ਮਾਂ
ਜਦ ਸਕੂਲੋਂ ਆਏ ਨੂੰ
ਸਵੇਰ ਦੀਆਂ ਬਣੀਆਂ
ਦੋ ਰੋਟੀਆਂ ਸੇਕ ਕੇ
ਮੱਖਣ ਲੂਣ ਮਿਰਚ ਲਾ ਕੇ
ਤੇ
ਉਹਨਾਂ ਦਾ ਗੋਲ ਗਲੂੰਡਾ ਬਣਾਕੇ
ਚਾਹ ਦੀ ਗੜਵੀ ਨਾਲ ਦਿੰਦੀ ਸੀ
ਤਾਂ
ਲੋੜ੍ਹਿਆਂ ਦਾ ਰੱਜ ਆਉਂਦਾ ਸੀ।
ਪਰ ਨੀਤ ਕਦੇ ਨਹੀਂ ਸੀ ਭਰਦੀ।
ਇਹ ਮਾਂ ਦੇ ਹੱਥਾਂ ਦਾ ਕਮਾਲ ਸੀ
ਨਿਰਾ ਈ ਜਾਦੂ।
ਬਹੁਤ ਸਮਾਂ ਹੋ ਗਿਆ ਹੁਣ
ਏਨਾ ਸਵਾਦ ਭੋਜਨ ਖਾਧੇ ਨੂੰ।
ਪੰਜ ਤਾਰੇ ਵੀ ਦੇਖ ਲਏ
ਤੇ
ਸੱਤ ਤਾਰਿਆਂ ਵਾਲੇ ਨੂੰ ਵੀ ਤੱਕ ਲਿਆ।
ਦੱਖਣ ਦੁਆਰੇ ਵੀ ਗਾਹ ਮਾਰੇ
ਤੇ
ਪ੍ਰਦੇਸਾਂ ਦੀ ਵੀ ਕਸਰ ਨਹੀਂ ਛੱਡੀ।
ਪਰ

ਉਹ
ਸਵੇਰ ਦੀਆਂ ਬਣੀਆਂ
ਤਵੇ 'ਤੇ ਸੇਕੀਆਂ
ਮੱਖਣ ਲੂਣ ਮਿਰਚਾਂ ਵਾਲੀਆਂ ਰੋਟੀਆਂ ਦਾ
ਗੋਲ-ਗਲੂੰਡਾ
ਕਿਧਰੇ ਗੁਆਚ ਗਿਆ।
ਉਹ ਸੱਚ-ਮੁੱਚ
ਸਾਰੇ ਤਾਰਿਆਂ ਤੋਂ ਉੱਪਰ ਸੀ
ਮਾਂ ਦੇ ਹੱਥਾਂ ਦਾ ਕਮਾਲ
ਨਿਰਾ ਈ ਜਾਦੂ!



## ਤੇਰੇ ਨਾਲ ਗੁਜ਼ਰਦਾ ਪਲ

ਮੇਰਾ ਇਕ-ਇਕ ਪਲ
ਤੇਰੇ ਨਾਲ ਗੁਜ਼ਰਦਾ ਹੈ।
ਮੈਨੂੰ ਇਹ ਨਹੀਂ ਪਤਾ
ਤੂੰ ਕੀ ਹੈਂ
ਕੌਣ ਹੈਂ
ਕਿੱਥੇ ਹੈਂ
ਕਿਵੇਂ ਹੈਂ
ਪਰ
ਇਹ ਮੈਂ ਤੈਨੂੰ
ਪੂਰੇ ਵਿਸ਼ਵਾਸ ਨਾਲ ਆਖ ਸਕਦਾ ਹਾਂ
ਕਿ
ਮੇਰਾ ਇਕ-ਇਕ ਪਲ
ਤੇਰੇ ਨਾਲ ਗੁਜ਼ਰਦਾ ਹੈ।
ਕਦੇ ਮੈਂ ਤੇਰੀ ਆਗ਼ੋਸ਼ ਵਿਚ ਹੁੰਦਾ ਹਾਂ
ਤੇ
ਕਦੇ ਤੂੰ ਮੇਰੀ ਵਿਚ।
ਮੈਂ ਤੇਰਾ ਹਾਂ
ਸਿਰਫ਼ ਤੇਰਾ।
ਤੇ ਤੂੰ ਵੀ
ਯਕੀਨ ਕਰੀਂ
ਮੇਰਾ ਹੈਂ।

## ਉਰਮਿਲ ਉਦਾਸ ਹੈ...

ਇਤਿਹਾਸ ਦੇ ਪੰਨਿਆਂ ਤੋਂ
ਆਪਣੇ ਆਪ ਨੂੰ ਅਲੋਪ ਦੇਖ ਕੇ
ਉਰਮਿਲ ਉਦਾਸ ਹੈ।
ਉਸਦਾ ਲਛਮਣ,
ਉਸਦਾ ਪ੍ਰੀਤਮ-ਪ੍ਰੇਮੀ
ਉਸ ਨੂੰ ਹੰਝੂਆਂ ਦੇ ਸੰਸਾਰ ਵਿਚ ਛੱਡ ਕੇ
ਸਾਰੀ ਉਮਰ ਭਰਾ-ਭਰਜਾਈ
ਦੀ ਰੱਜ-ਰੱਜ ਸੇਵਾ ਕਰਨ ਲਈ
ਆਪਣੇ ਵੱਡੇ ਭਰਾਤਾ
ਰਾਮ ਨਾਲ ਬਨਵਾਸ ਚਲਾ ਗਿਆ।
ਲਛਮਣ ਬਹੁਤ ਵੱਡਾ ਜਤੀ ਸੀ
ਬਹੁਤ ਆਗਿਆਕਾਰੀ
ਸੱਚਾ ਤੇ ਸ਼ਰਧਾਵਾਨ ਸੇਵਕ।
ਤੇ
ਆਪਣੇ ਹੀ ਮਹਿਲ ਵਿਚ
ਚੌਦਾਂ ਸਾਲਾਂ ਦਾ
ਬਨਵਾਸ ਭੋਗਦੀ
ਜਤੀ ਸੇਵਕ
ਲਛਮਣ ਦੀ
ਅਰਧਾਂਗਣੀ
ਉਰਮਿਲ ਉਦਾਸ ਹੈ...
ਬਹੁਤ ਉਦਾਸ...



ਲਛਮਣ ਤਾਂ
ਸੀਤਾ ਤੇ ਰਾਮ
ਦੀ ਸੇਵਾ 'ਚ
ਲੀਨ ਹੈ
ਅਮਰ ਹੋ ਗਿਆ
'ਤੇ ਇਤਿਹਾਸ ਦੇ
ਪੰਨਿਆਂ 'ਤੇ ਉਕਰਿਆ ਗਿਆ
ਪਰ...
ਵਿਚਾਰੀ ਉਰਮਿਲ
ਸਾਰੀ ਉਮਰ ਇਕਲਾਪੇ
ਦਾ ਦਰਦ ਹੰਢਾਉਂਦੀ
ਜਿਉਂਦੇ-ਜੀਅ ਸਤੀ ਹੋ ਗਈ।
ਨਾ ਉਸਦੀ ਕੁਰਬਾਨੀ ਨੂੰ ਕਿਸੇ ਜਾਣਿਆ
ਤੇ
ਨਾ ਹੀ ਕਿਸੇ ਉਸ ਦਾ ਦਰਦ ਪਹਿਚਾਣਿਆਂ।
ਦਰਦ ਭਰੀ ਲੰਮੀ ਉਡੀਕ ਵਿਚ
ਉਸ ਦੇ ਸੁੱਕੇ ਅੱਥਰੂਆਂ
ਤੇ
ਪਥਰਾ ਗਈਆਂ ਅੱਖਾਂ ਦਾ
ਇਕ ਵੀ ਸ਼ਬਦ ਇਤਿਹਾਸ ਤੋਂ ਸਿਰਜਿਆ ਨਾ ਗਿਆ।
ਉਰਮਿਲ
ਲਛਮਣ ਦੇ ਲੜ ਲੱਗ ਕੇ ਵੀ
ਇਕਲਾਪੇ ਵਿਚ ਗੁਆਚ ਗਈ;
ਕਿਉਂਕਿ ਉਹ

ਲੜ ਤਾਂ ਲੱਗ ਗਈ
ਪਰ ਲੜ ਬੱਝ ਨਾ ਸਕੀ...
ਉਰਮਿਲ ਉਦਾਸ ਹੈ
ਕਿ ਉਸਦੇ
ਸਵਾਲਾਂ ਦੇ ਜੁਆਬ
ਨਾ ਲਛਮਣ ਕੋਲ ਹਨ
ਨਾ ਰਾਮ ਕੋਲ
ਤੇ ਨਾ ਇਤਿਹਾਸ ਕੋਲ
ਕਿਉਂਕਿ
ਉਡੀਕ ਦਾ ਕੋਈ ਇਤਿਹਾਸ ਨਹੀਂ ਹੁੰਦਾ
ਜਿਉਂਦੇ ਜੀਅ ਸਤੀ ਹੋਣ ਦਾ
ਕੋਈ ਇਤਿਹਾਸ ਨਹੀਂ ਹੁੰਦਾ
ਮਹਿਲਾਂ 'ਚ ਬਨਵਾਸ ਭੋਗਣ ਦਾ
ਵੀ ਕੋਈ ਇਤਿਹਾਸ ਨਹੀਂ ਹੁੰਦਾ
ਸ਼ਾਇਦ ਇਸੇ ਲਈ
ਇਤਿਹਾਸ ਖ਼ਾਮੋਸ਼ ਹੈ
ਤੇ
ਉਰਮਿਲ ਉਦਾਸ ਹੈ...



## ਆ ਉੱਡ ਚੱਲੀਏ !

ਛੱਡ ਪਰ੍ਹਾਂ
ਸਭ ਕੁਝ!
ਆ,
ਉੱਡ ਚੱਲੀਏ
ਉੱਡ ਰਹੇ ਪੰਛੀਆਂ ਵਾਂਗ!
ਬੇ-ਡਰ
ਤੇ
ਬੇ-ਖ਼ੌਫ਼
ਅਕਾਸ਼ ਵਿਚ
ਤਾਰੀਆਂ ਲਾਵਾਂਗੇ
ਕਦੇ ਚੰਨ ਨੂੰ ਮਿਲਾਂਗੇ
ਤੇ
ਕਦੇ ਤਾਰਿਆਂ ਨਾਲ ਬਾਤਾਂ ਪਾਵਾਂਗੇ!
ਇਕ ਨਵੀਂ ਦੁਨੀਆਂ ਵਸਾਵਾਂਗੇ!
ਜਦ
ਮੁਹੱਬਤ ਦੇ ਬੋਲ ਦਸਤਕ ਦੇਣਗੇ
ਇਕਾਂਤ ਹੋ ਕੇ
ਪਰ ਤੋਲਾਂਗੇ
ਤੇ
ਸਿਖ਼ਰ 'ਤੇ ਜਾਵਾਂਗੇ!
ਸੱਚ-ਮੁੱਚ
ਇਕ ਹੋ ਜਾਵਾਂਗੇ!

ਆ,
ਉੱਡ ਚੱਲੀਏ!
ਉੱਡ ਰਹੇ ਪੰਛੀਆਂ ਦੇ ਵਾਂਗ
ਆਨੰਦ ਦੀ ਦੁਨੀਆਂ ਵਿਚ
ਬੇ-ਡਰ, ਬੇ-ਖ਼ੌਫ਼, ਬੇ-ਰੋਕ
ਤੇ
ਬੇ-ਪ੍ਰਵਾਹ ਹੋ ਕੇ
ਵਸਲ ਦੀ ਦੁਨੀਆ ਵਿਚ ਰਹਿਣ ਲਈ!



## ਤੁਰੀ ਚੱਲ ਸ਼ਾਇਰਾ...

ਤੁਰੀ ਚੱਲ ਸ਼ਾਇਰਾ
ਤੁਰੀ ਚੱਲ!
ਅਹਿਸਾਸ ਨੂੰ ਅਲਫ਼ਾਜ਼ ਦੇਣ ਲਈ
ਦਿਲ ਨੂੰ ਆਵਾਜ਼ ਦੇਣ ਲਈ
ਤੇ
ਰੂਹ ਨੂੰ ਸਾਜ਼ ਦੇਣ ਲਈ।
ਤੁਰੀ ਚੱਲ ਸ਼ਾਇਰਾ
ਤੁਰੀ ਚੱਲ!
ਸੱਚ ਦੀਆਂ ਰਾਹਵਾਂ 'ਤੇ
ਭਾਈਆਂ ਦੀਆਂ ਬਾਹਵਾਂ 'ਤੇ
ਤੇ
ਮਾਵਾਂ ਦੀਆਂ ਛਾਵਾਂ 'ਤੇ।
ਤੁਰੀ ਚੱਲ ਸ਼ਾਇਰਾ
ਤੁਰੀ ਚੱਲ!
ਦਰਦਾਂ ਨੂੰ ਜਾਣਨ ਲਈ
ਹੰਝੂਆਂ ਨੂੰ ਭਾਲਣ ਲਈ
ਤੇ
ਦੁੱਖਾਂ ਨੂੰ ਟਾਲਣ ਲਈ।
ਤੁਰੀ ਚੱਲ ਸ਼ਾਇਰਾ
ਤੁਰੀ ਚੱਲ!
ਟੁੱਟਿਆਂ ਨੂੰ ਜੋੜਨ ਲਈ
ਰੁੱਸਿਆਂ ਨੂੰ ਮੋੜਨ ਲਈ

ਤੇ
ਬੁਰਿਆਂ ਨੂੰ ਤੋੜਨ ਲਈ।
ਤੁਰੀ ਚੱਲ ਸ਼ਾਇਰਾ
ਤੁਰੀ ਚੱਲ!
ਮਾਂ-ਬੋਲੀ ਬੋਲਣ ਲਈ
ਖੰਡ-ਮਿਸ਼ਰੀ ਘੋਲਣ ਲਈ
ਤੇ
ਖ਼ੁਸ਼ੀਆਂ ਨੂੰ ਟੋਲ੍ਹਣ ਲਈ।
ਤੁਰੀ ਚੱਲ ਸ਼ਾਇਰਾ
ਤੁਰੀ ਚੱਲ!
ਨਫ਼ਰਤਾਂ ਘਟਾਉਣ ਲਈ
ਮੁਹੱਬਤਾਂ ਫ਼ੈਲਾਉਣ ਲਈ
ਤੇ
ਦੁੱਖਾਂ ਨੂੰ ਵੰਡਾਉਣ ਲਈ।
ਤੁਰੀ ਚੱਲ ਸ਼ਾਇਰਾ
ਤੁਰੀ ਚੱਲ!



## ਨਿਸ਼ਾਨ ਸਾਹਿਬ...

ਉੱਚਾ
ਬਹੁਤ ਉੱਚਾ
ਸਿੱਧਾ
ਤੇ
ਅਡੋਲ ਹੁੰਦਾ ਹੈ
ਗੁਰੂ ਦਾ ਦਿੱਤਾ
ਨਿਸ਼ਾਨ ਸਾਹਿਬ।
ਸੇਧ ਦਿੰਦਾ ਹੈ
ਹੱਕ ਸੱਚ ਦੇ ਰਾਹ
ਤੇ
ਸਦਾ ਛਾਤੀ ਤਾਣ ਕੇ
ਸਿੱਧੇ ਖੜ੍ਹੇ ਹੋ ਕੇ
ਅਡੋਲ ਰਹਿਣ ਦੀ।
ਅਸੀਂ ਪਤਾ ਨਹੀਂ
ਕਿਹੜੇ ਰਾਹ ਪੈ ਗਏ ਹਾਂ।
ਸ਼ਾਇਦ ਰਸਤੇ ਹੀ ਗੁਆਚ ਗਏ ਹਨ।
ਨਿਸ਼ਾਨ ਸਾਹਿਬ ਦੇ ਥੜ੍ਹੇ ਨੂੰ
ਹੱਥ ਲਾ ਕੇ ਵਾਪਿਸ ਆ ਜਾਂਦੇ ਹਾਂ।
ਨਾ ਉਸ ਵੱਲ ਦੇਖਦੇ ਹਾਂ
ਤੇ
ਨਾ ਹੀ ਕੋਈ ਸੇਧ ਲੈ ਰਹੇ ਹਾਂ।
ਥਾਂ-ਥਾਂ ਝੁਕ ਰਹੇ ਹਾਂ

ਡੋਲ ਰਹੇ ਹਾਂ
ਤੇ
ਹੱਕ-ਸੱਚ ਦਾ ਰਾਹ
ਪੂਰੀ ਤਰ੍ਹਾਂ ਗੁਆ ਕੇ
ਭਟਕ ਰਹੇ ਹਾਂ।
ਬੱਸ!
ਨਿਸ਼ਾਨ ਸਾਹਿਬ ਦੇ ਥੜ੍ਹੇ ਨੂੰ
ਹੱਥ ਲਗਾ ਕੇ ਹੀ ਵਾਪਿਸ ਆ ਰਹੇ ਹਾਂ।



## ਮਜ਼ਦੂਰ ਨੂੰ . . .

ਪਿੰਡਾ ਲੂੰਹਦੀਆਂ ਧੁੱਪਾਂ ਦੇ
ਅੱਗ ਵਾਂਗੂੰ ਤਪਦੇ ਮੌਸਮ ਵਿਚ
ਜਦ ਤੈਨੂੰ ਸੱਚੀ-ਸੁੱਚੀ ਕਿਰਤ ਦੇ
ਹੱਥ ਚੁੰਮਦੇ ਤੱਕਦਾਂ
ਤਾਂ
ਮੈਨੂੰ ਤੇਰੇ ਵਿਚੋਂ
ਬਾਬੇ ਨਾਨਕ ਦਾ
ਭਾਈ ਲਾਲੋ ਦਿਖਾਈ ਦਿੰਦਾ।
ਮੈਨੂੰ ਲੱਗਦਾ
ਜਿਵੇਂ ਨਾਨਕ ਤੇਰੇ ਅੰਗ-ਸੰਗ ਹੈ।
ਤੇਰੀ ਘਾਲ਼ ਨੂੰ
ਕਿਰਤ ਦਾ ਅਸ਼ੀਰਵਾਦ ਦੇ ਕੇ
ਤੇਰੇ ਪਾਕਿ ਹੱਥਾਂ ਨੂੰ ਚੁੰਮਦਾ
ਮੈਨੂੰ ਇਹ ਵੀ ਪਤੈ
ਮਲਕ-ਭਾਗੋ ਵੀ ਬੈਠਾ ਇਸ ਧਰਤ 'ਤੇ
ਉਹ ਤੇਰੇ
ਤੇ
ਬਾਬੇ ਨਾਨਕ ਦੇ
ਇਸ ਕੌਤਕ ਨੂੰ
ਦੇਖਦਾ
ਗੁੱਸੇ ਨਾਲ ਕੰਬਦਾ
ਪਰ
ਕੁਝ ਕਰਨ ਤੋਂ ਮਜਬੂਰ
ਤੂੰ ਤਾਂ ਇਸ ਤੋਂ ਬੇਖ਼ਬਰ

ਆਪਣੇ ਕਰਮ ਸੰਗ ਸ਼ਾਂਤ
ਪਰ
ਬਾਬਾ ਨਾਨਕ ਇਹ ਨਜ਼ਾਰਾ
ਬਹੁਤ ਸਹਿਜ ਨਾਲ ਦੇਖ ਰਿਹਾ ਹੈ।
ਉਹ ਜਾਣਦਾ ਹੈ
ਮਲਕ ਭਾਗੋ ਜਿੰਨੇ ਵੀ ਬਲਵਾਨ ਹੋ ਜਾਣ
ਉਹ ਭਾਈ ਲਾਲੋਆਂ ਦੇ ਹਾਣ ਦੇ
ਕਦੇ ਵੀ ਨਹੀਂ ਹੋ ਸਕਦੇ।
ਉਸ ਨੂੰ ਪਤਾ ਹੈ
ਮਲਕ ਭਾਗੋ ਤਾਂ
ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ
ਦਾ ਹੀ ਦੂਜਾ ਰੂਪ ਹੈ
ਤੇ ਉਹ ਇਹ ਵੀ ਜਾਣਦਾ ਹੈ
ਭਾਈ ਲਾਲੋ ਤਾਂ
ਸੱਚੀ-ਸੁੱਚੀ ਕਿਰਤ ਦਾ ਨਾਂ ਹੈ
ਸਬਰ, ਸੰਤੋਖ ਦਾ ਰੂਪ ਹੈ
ਬਾਬਾ ਨਾਨਕ ਤੇਰੇ ਨਾਲ ਹੈ
ਉਹ ਕਿਰਤ ਤੇ ਸਬਰ ਸੰਤੋਖ
ਦੇ ਨਾਲ ਹੈ
ਉਹ ਸਦਾ ਲਾਲੋ ਦੇ
ਨਾਲ ਹੈ
ਤਾਂ ਹੀ ਤਾਂ ਧਰਮ ਹੈ
ਆਸਮਾਨ ਹੋ ਤੇ
ਲਾਲੋ ਦਾ ਜਲਾਲ ਹੈ
...



## ਤੂੰ ਮੈਂ ...

ਤੂੰ ਹੈਂ
ਮੈਂ ਹਾਂ।
ਪਰ
ਮੈਂ ਤਰਸ ਰਿਹਾਂ
ਤੂੰ ਹੋਣ ਨੂੰ।
ਮੇਰੀ ਕੋਈ ਖ਼ਾਹਿਸ਼ ਨਹੀਂ
ਮੈਂ ਰਹਿਣ ਦੀ
ਦੁੱਖ ਸਹਿਣ ਦੀ।
ਮੈਂ
ਤਾਂ
ਸਾਗਰ ਹੋਣਾ ਹੀ ਲੋਚਦਾ ਹਾਂ।
ਮੈਂ ਰਹਿ ਕੇ
ਮੈਂ ਕੀ ਲੈਣਾਂ।
ਮੇਰੇ ਯਾਰ
ਮੇਰੀ ਸੁਣ ਲੈ ਪੁਕਾਰ
ਤੇ
ਕਰਦੇ ਤੂੰ।
ਬੱਸ
ਤੂੰ
ਹੀ
ਤੂੰ।

## ਸੱਚੀ ਮੁਹੱਬਤ ਨੂੰ ਕਦੇ ਮੰਜ਼ਿਲ ਨਹੀਂ ਮਿਲਦੀ . . .

ਮੁਹੱਬਤ ਦਾ ਇਤਿਹਾਸ ਦੱਸਦਾ ਹੈ
ਕਿ
ਸੱਚੀ ਮੁਹੱਬਤ ਨੂੰ
ਕਦੇ ਵੀ ਮੰਜ਼ਿਲ ਨਹੀਂ ਮਿਲਦੀ
ਕਿਉਂਕਿ ਮੰਜ਼ਿਲ 'ਤੇ ਪਹੁੰਚ ਕੇ
ਇਹ ਸ਼ਾਂਤ ਹੋ ਜਾਂਦੀ ਹੈ
ਸਹਿਜ ਵਿਚ
ਪੂਰਨ ਟਿਕਾਅ ਵਿਚ
ਜਿਵੇਂ ਸਾਰਾ ਕੁਝ ਪਾ ਲਿਆ ਹੋਵੇ
ਤੇ
ਕੁਝ ਵੀ ਹੋਰ
ਨਾ ਲੋੜੀਂਦਾ ਹੋਵੇ
ਸਭ ਕੁਝ ਸਮਾਪਤ।
ਮੁਹੱਬਤ ਤਾਂ ਵਗਦਾ ਦਰਿਆ ਹੈ
ਸਦਾ ਵਹਿੰਦੇ ਰਹਿਣ ਦਾ ਨਾਂ
ਪ੍ਰੇਮੀ ਦੀਆਂ ਰਾਹਾਂ ਤੱਕਦੇ ਰਹਿਣਾ
ਦੇਖੀ ਜਾਣਾ
ਤੇ ਕੁਝ ਨਾ ਕਹਿਣਾ।
ਸਦਾ ਮਿਲਣ ਦੀ ਚਾਹਤ
ਮਿਲਕੇ ਅੰਤਾਂ ਦੀ ਰਾਹਤ
ਮਿਲਣ ਵਿਛੜਣ ਦਾ ਖੇਲ੍ਹ



ਹੁੰਦਾ ਰੂਹਾਂ ਦਾ ਮੇਲ।
ਸਦਾ ਉਡੀਕ
ਹੋਰ ਉਡੀਕ
ਇਕ ਅਨੂਠੀ ਖਿੱਚ
ਸਦਾ ਦਿਲ ਲੋੜੇ ਸਾਥੀ ਦਾ ਪਿਆਰ
ਤੇ
ਹਰ ਪਲ ਕਰਦਾ ਮੁਹੱਬਤ ਦਾ ਇਜ਼ਹਾਰ।
ਸੱਚੀ ਮੁਹੱਬਤ ਨੂੰ ਕਦੇ ਮੰਜ਼ਿਲ ਨਹੀਂ ਮਿਲਦੀ।
ਮੇਰੇ ਮਾਲਕ
ਮਿਹਰ ਰੱਖੀਂ
ਕਦੇ ਮੰਜ਼ਿਲ ਨਾ ਹੀ ਮਿਲੇ–
ਮੇਰੇ ਲਈ ਮੁਹੱਬਤ
ਵੱਧ ਅਰਥ ਰੱਖਦੀ ਹੈ।
ਮੈਂ ਮੰਜ਼ਿਲ ਤੋਂ ਕੁਝ ਨਹੀਂ ਲੈਣਾ।

## ਰਾਮ-ਭੀਲਣੀ ...

ਮੇਰੇ ਪ੍ਰਭੂ
ਮੇਰੇ ਸੁਆਮੀ
ਮੈਂ ਤੇਰੀ ਪ੍ਰੇਮ-ਦੀਵਾਨੀ
ਤੇਰੀ ਚਰਨ ਛੋਹ ਨਾਲ
ਸੁੱਚੇ ਹੋਠਾਂ ਵਾਲੀ ਹੋ ਗਈ।
ਮੈਂ ਤੇਰੀ ਚਰਨ ਧੂੜ
ਮੇਰੇ ਪ੍ਰੀਤਮ
ਤੂੰ ਮੇਰੇ ਜੂਠੇ ਬੇਰ
ਖਾ-ਖਾ
ਮੇਰੇ ਪਿਆਰ ਨੂੰ ਸੁੱਚਤਾ ਬਖ਼ਸ਼ ਰਿਹਾ
ਤੇ
ਮੈਂ
ਤੇਰੀ ਸ਼ਰਧਾ ਵਿਚ ਭਿੱਜ ਕੇ
ਲੀਨ ਹੋ ਰਹੀ ਹਾਂ
ਤੇਰੀ ਪ੍ਰੇਮ-ਭਗਤੀ ਵਿਚ।
ਮੇਰਾ ਹੁਣ ਕੁਝ ਵੀ ਨਹੀਂ
ਬੱਸ
ਸਿਰਫ਼ ਤੂੰ ਹੈਂ
ਜਾਂ
ਤੇਰੇ ਚਰਨਾਂ ਦੀ ਛੋਹ।
ਮੈਨੂੰ ਮੁਕਤ ਕਰ ਦੇ
ਆਪਣੀ ਆਗ਼ੋਸ਼ ਵਿਚ ਥਾਂ ਦੇ ਕੇ!



## ਪਾਰਸ ਛੋਹ

ਦੱਸਦੇ ਨੇ
ਪਾਰਸ ਨੂੰ ਛੋਹ ਕੇ
ਲੋਹਾ ਵੀ ਸੋਨਾ ਹੋ ਜਾਂਦਾ ਹੈ।
ਮੇਰੇ ਪਿਆਰੇ
ਮੇਰੇ ਪਾਰਸ
ਤੇਰੀ ਛੋਹ ਤਾਂ
ਕਰੋੜਾਂ ਪਾਰਸਾਂ ਤੋਂ ਵੀ ਉੱਪਰ ਹੈ।
ਇਹ ਪਤਾ ਹੀ ਨਹੀਂ ਚੱਲਦਾ
ਕਦੋਂ ਤੇਰੀ ਛੋਹ ਮਿਲਦੀ ਹੈ
ਪਰ
ਯਕੀਨ ਕਰੀਂ
ਮੇਰਾ ਇਕ ਵੀ ਪਲ ਅਜਿਹਾ ਨਹੀਂ ਹੁੰਦਾ
ਜਦ ਮੈਂ ਇਸ ਤੋਂ ਸੱਖਣਾ ਹੁੰਦਾ ਹਾਂ।
ਤੇਰੀ ਇਸ ਛੋਹ ਨੇ ਤਾਂ
ਮੈਨੂੰ ਰੂਹ ਦਾ ਰੱਜ ਦਿੱਤਾ ਹੈ
ਮੈਂ ਸਦਾ ਭਰਿਆ-ਭਰਿਆ ਮਹਿਸੂਸ ਕਰਦਾ ਹਾਂ
ਤੇ
ਪਿਆਰ ਸਾਗਰ ਵਿਚ ਤਾਰੀਆਂ ਲਾਉਂਦਾ ਹਾਂ
ਇਹ ਤੇਰੀ ਛੋਹ ਦਾ ਕਮਾਲ ਹੀ ਤਾਂ ਹੈ!
ਹਾਂ
ਕਦੇ-ਕਦੇ
ਮੈਂ

ਤੇਰੇ 'ਤੇ ਕਬਜ਼ੇ ਦੀ ਚਾਹਤ ਵਿਚ
ਜ਼ਰੂਰ ਉਲਝ ਜਾਂਦਾ ਹਾਂ
ਪਰ
ਫਿਰ ਸੋਚਦਾ ਹਾਂ
ਕਿ
ਮੇਰੀ ਇਹ ਚਾਹਤ
ਸਾਗਰ ਨੂੰ ਬੂੰਦ ਕਰ ਦੇਵੇਗੀ
ਤੇ
ਮੈਂ ਸ਼ਾਂਤ ਹੋ ਜਾਂਦਾ ਹਾਂ।
ਦੱਸਦੇ ਨੇ
ਪਾਰਸ ਨੂੰ ਛੋਹ ਕੇ
ਲੋਹਾ ਵੀ ਸੋਨਾ ਹੋ ਜਾਂਦਾ ਹੈ।
ਪਰ
ਮੇਰਾ ਪਿਆਰਾ ਪਾਰਸ
ਤਾਂ
ਕਰੋੜਾਂ ਪਾਰਸਾਂ ਤੋਂ ਉੱਪਰ ਹੈ
ਜਿਸਨੇ
ਮੇਰੀ ਰੂਹ ਨੂੰ ਰੱਜ ਦੇ ਕੇ
ਮੈਨੂੰ ਖ਼ੁਦ ਪਾਰਸ ਕਰ ਦਿੱਤਾ ਹੈ।
ਮੇਰਾ ਪਿਆਰਾ ਪਾਰਸ!



## ਤੇਰਾ ਮੇਰਾ ਕੀ ਰਿਸ਼ਤਾ?

ਮੈਂ ਕਿਹਾ
ਤੂੰ ਕੌਣ
ਤੇ
ਤੇਰਾ- ਮੇਰਾ ਕੀ ਰਿਸ਼ਤਾ?
ਉਸ ਕਿਹਾ
ਮੇਰੇ ਕੋਲ
ਇਸ ਦੀ ਕੋਈ ਪਰਿਭਾਸ਼ਾ ਨਹੀਂ
ਤੇ
ਨਾ ਹੀ ਕੋਈ ਨਾਮ।
ਮੈਂ
ਪੁੱਛਿਆ
ਫਿਰ ਆਪਾਂ ਕਿਉਂ ਮਿਲਦੇ ਹਾਂ?
ਉਸ ਕਿਹਾ
ਆਪਾਂ ਕਦ ਮਿਲਦੇ ਹਾਂ?
ਮਿਲਦੇ ਤਾਂ ਉਹ ਨੇ
ਜੋ ਵੱਖ ਹੁੰਦੇ ਨੇ
ਜਾਂ ਦੂਰ ਹੁੰਦੇ ਨੇ
ਆਪਾਂ ਤਾਂ
ਹਰ ਪਲ ਨਾਲ ਹੁੰਦੇ ਹਾਂ
ਇਕ-ਮਿੱਕ
ਤੇ
ਇਕ-ਸੁਰ।

ਮੈਂ ਕਿਹਾ
ਫਿਰ ਇਸ ਰਿਸ਼ਤੇ ਨੂੰ
ਨਾਮ ਕੀ ਦੇਵਾਂ?
ਉਸ ਕਿਹਾ
ਤੂੰ ਤਾਂ ਝੱਲਾ ਹੈਂ
ਤੂੰ ਇਹ ਨਹੀਂ ਜਾਣਦਾ
ਕਿ
ਮੈਂ ਤੂੰ ਹਾਂ
ਤੇ
ਤੂੰ ਮੈਂ।
ਦੱਸ ਹੋਰ ਕੀ ਚਾਹੀਦਾ?
ਮੈਂ ਕਿਹਾ
ਮੈਂ ਤਾਂ ਪਾਗਲ ਹਾਂ
ਐਵੇਂ ਹੀ
ਰਾਹ ਤੋਂ ਭਟਕ ਗਿਆ।
ਉਸ ਕਿਹਾ
ਤੂੰ ਰਾਹ ਤੋਂ ਨਹੀਂ ਭਟਕਿਆ
ਜਰਾ ਗ਼ੌਰ ਨਾਲ ਦੇਖ
ਤੇਰੇ ਹਰ ਰਾਹ 'ਤੇ
ਮੈਂ ਹਾਜ਼ਰ ਹਾਂ
ਤੇਰੇ ਨਾਲ ਹਾਂ।
ਜ਼ਰਾ
ਆਪਣੀ ਆਗ਼ੋਸ਼ ਨੂੰ
ਗਹੁ ਨਾਲ ਤੱਕ



ਉਸ ਵਿਚ ਮੈਂ ਹੀ ਤਾਂ ਹਾਂ।
ਮੈਂ ਕਿਹਾ
ਮੈਨੂੰ ਮੁਆਫ਼ ਕਰੀਂ
ਮੈਂ ਪਾਗਲ ਹਾਂ
ਜੋ ਇਹ ਨਹੀਂ ਜਾਣਦਾ
ਕਿ
ਬੂੰਦ ਵਿਚ ਸਾਗਰ ਵੀ ਸਿਮਟ ਸਕਦਾ ਹੈ।

## ਬਾਹਰ ਕਿਉਂ ਭੱਜਿਆ ਫਿਰਦੈਂ?

ਮੈਂ ਕਿਹਾ
ਅੱਗ ਬਲਦੀ ਹੈ।
ਉਸ ਬਹੁਤ ਸਹਿਜ ਨਾਲ ਕਿਹਾ
ਅੰਦਰ ਦੇਖ!
ਮੈਂ ਬੋਲਿਆ
ਅੱਗ ਪਹਾੜਾਂ ਹੇਠ ਹੈ
ਸਮੁੰਦਰ ਹੇਠ ਹੈ
ਤੇ
ਧਰਤੀ ਹੇਠ ਵੀ ਹੈ।
ਉਸ ਫਿਰ ਕਿਹਾ
ਅੰਦਰ ਦੇਖ
ਪਹਾੜ ਹਨ
ਸਮੁੰਦਰ ਹੈ
ਧਰਤੀ ਹੈ
ਤੇ ਅੱਗ ਵੀ।
ਮੈਂ ਕਿਹਾ
ਮੈਨੂੰ ਕੁਝ ਰਾਹ ਤਾਂ ਪਾ
ਉਸ ਡਾਂਟ ਕੇ ਕਿਹਾ
ਬਾਹਰ ਕਿਉਂ ਭੱਜਿਆ ਫਿਰਦੈਂ
ਅੰਦਰ ਜਾਹ
ਤੇ
ਚੁੱਪ ਹੋ ਜਾ।



## ਕੰਡਾ ਤੇ ਗ਼ੁਲਾਬ

ਕੰਡਾ ਵੱਜਿਆ
ਤੇ
ਬਹੁਤ ਹੌਲ਼ੀ ਜਿਹੀ
ਆਵਾਜ਼ ਵਿਚ
ਉਸਨੇ ਪੁੱਛਿਆ
ਚੁਭਣ ਤਾਂ ਨਹੀਂ ਮਹਿਸੂਸ ਹੋਈ।
ਮੇਰੇ ਤੋਂ ਵੀ
ਪਿਆਰ ਦੀ ਸ਼ਿੱਦਤ ਵਿਚ
ਇਹ ਕਹਿ ਹੋ ਗਿਆ
ਨਹੀਂ, ਬਿਲਕੁਲ ਨਹੀਂ;
ਤੈਨੂੰ ਮਿਲ ਕੇ
ਆਨੰਦ ਆ ਗਿਆ
ਖ਼ੁਸ਼ੀ ਦੀ ਚਰਮ-ਸੀਮਾ
ਤੇ
ਲੋੜ੍ਹੇ ਦੀ ਮਸਤੀ।
ਗ਼ੁਲਾਬ ਤੇ ਉਹ
ਇਕ-ਦੂਜੇ ਦਾ ਮੂੰਹ ਤੱਕ
ਬਹੁਤ ਹੈਰਾਨ ਹੋ ਰਹੇ ਸਨ।
ਮੈਂ ਖ਼ੁਸ਼ ਸੀ
ਪਰ
ਕੰਡਾ ਚੁੱਭਣ ਮਹਿਸੂਸ ਕਰ ਰਿਹਾ ਸੀ
ਤੇ ਗ਼ੁਲਾਬ ਨੇ ਨੀਵੀਂ ਪਾ ਲਈ।

## ਮਦਾਰੀ ਦੀ ਡੁਗ-ਡੁਗੀ

ਮਦਾਰੀ ਡੁਗ-ਡੁਗੀ ਵਜਾਉਂਦਾ ਹੈ
ਖੇਡਾ ਪਾਉਂਦਾ ਹੈ
ਕਦੇ ਬਾਂਦਰ ਨਚਾਉਂਦਾ ਹੈ
ਤੇ
ਕਦੇ ਨਾਲ ਦੀ ਨਿੱਕੀ ਗੁੱਡੀ ਨੂੰ
ਰੱਸੀ 'ਤੇ ਤੁਰਾਉਂਦਾ ਹੈ।
ਮਦਾਰੀ ਬਹੁਤ ਕਮਾਲ ਦਿਖਾਉਂਦਾ ਹੈ
ਅਸੀਂ ਦੇਖਦੇ ਰਹਿ ਜਾਂਦੇ ਹਾਂ
ਕੁਝ ਸਮਝ ਨਹੀਂ ਪਾਉਂਦੇ ਹਾਂ
ਤੇ
ਚੁੱਪ-ਚਾਪ ਸਾਰਾ ਖੇਡਾ ਦੇਖ
ਘਰਾਂ ਨੂੰ ਚਲੇ ਜਾਂਦੇ ਹਾਂ।
ਮਦਾਰੀ ਬਹੁਤ ਕਮਾਲ ਹੈ
ਖੇਡ ਸ਼ੁਰੂ ਵੀ ਆਪ ਕਰਦਾ ਹੈ
ਤੇ
ਖ਼ਤਮ ਵੀ।
ਅਸੀਂ ਡੁਗ-ਡੁਗੀ 'ਤੇ
ਨੱਚਦੇ-ਨਚਾਉਂਦੇ
ਪੈਲ਼ਾਂ ਪਾਉਂਦੇ
ਹੱਸਦੇ-ਹਸਾਉਂਦੇ
ਚੁੱਪ-ਚਾਪ ਚਲੇ ਜਾਂਦੇ ਹਾਂ
ਪੱਕੇ ਘਰ ਵਿਚ



ਪਤਾ ਵੀ ਨਹੀਂ
ਚੱਲਦਾ
ਕਿ ਮਦਾਰੀ ਨੇ
ਖੇਡ ਖ਼ਤਮ ਕਰ ਦਿੱਤੀ ਹੈ।
ਮਦਾਰੀ ਸੱਚ-ਮੁੱਚ
ਬਹੁਤ ਕਮਾਲ ਕਰਦਾ ਹੈ!

## ਕਾਹਲ

ਭੱਜਾ-ਦੌੜੀ
ਮੈਂ ਅਹੁ ਲੈਣਾ
ਮੈਂ ਇਹ ਬਣਨਾ
ਇਕ-ਦੂਜੇ ਨੂੰ ਦਰੜਦੇ ਹੋਏ;
ਰਾਤੋ-ਰਾਤ
ਪਤਾ ਨੀ ਕੀ ਕੁਝ
ਬਣ ਜਾਣ
ਤੇ
ਪ੍ਰਾਪਤ ਕਰ ਲੈਣ ਦੀ ਤਾਂਘ।
ਸੋਚ ਵਿਚ ਪ੍ਰੇਸ਼ਾਨੀ
ਨੀਂਦ ਵਿਚ ਬੇਚੈਨੀ
ਤੇ
ਜਾਗਦੇ ਹੋਏ
ਅਜਿਹੀ ਉੱਭਲਚਿੱਤੀ
ਕਿ
ਹੁੰਦੇ-ਸੁੰਦੇ ਅਣਹੋਂਦ ਦਾ ਅਹਿਸਾਸ;
ਸ਼ਿਕਵੇ, ਸ਼ਿਕਨ ਤੇ ਸ਼ਿਕਾਇਤਾਂ
ਰੋਸੇ ਤੇ ਉਲਾਂਭੇ
ਰੋਣੀ ਸੂਰਤ।
ਪਤਾ ਨੀ ਹਵਸ ਕਦ ਮੁੱਕੂ?
ਪਤਾ ਨੀ ਕਦੋਂ ਰੱਜ ਆਊ?
ਕੀ ਹੋ ਰਿਹਾ ਹੈ ਇਹ?



ਹੋਰ, ਹੋਰ ਤੇ ਹੋਰ
ਕਦੇ ਨਾ ਮੁੱਕਣ ਵਾਲੀ ਦੌੜ।
ਛੱਡ ਯਾਰ
ਕਦੇ ਸੁਣ ਉਹ ਆਵਾਜ਼
ਜਿਸ ਵਿਚ ਕਹਿੰਦੇ ਸੀ
ਕੁੱਲੀ ਯਾਰ ਦੀ ਸੁਰਗ ਦਾ ਝੂਟਾ...
ਮਿੱਤਰਾਂ ਦੀ ਲੂਣ ਦੀ ਡਲੀ...
ਤੇ
ਚਲੇ ਜਾਂਦੇ ਸੀ
ਮਸਤੀ ਦੇ ਆਲਮ ਵਿਚ।
ਮੈਨੂੰ ਯਾਦ ਆਉਂਦਾ ਹੈ
ਉਹ ਰੱਜੀ ਰੂਹ ਵਾਲਾ ਟੈਂਪੂ ਚਾਲਕ
ਜੋ ਮੈਨੂੰ ਮਿਲਿਆ ਸੀ ਇਕ ਵਾਰ
ਤੇ
ਉਸਨੇ ਆਪਣੇ ਟੈਂਪੂ 'ਤੇ ਲਿਖਿਆ ਹੋਇਆ ਸੀ
ਸਾਰੇ ਸੁੱਖ ਮੇਰੀ ਝੋਲੀ ਪਾਏ
ਮੇਰੇ ਮਾਲਕ ਨੇ।
ਸੋਚਦਾਂ
ਉਸਦੀ
ਰੂਹ ਹੀ ਆ ਜਾਵੇ ਸਾਡੇ ਸਾਰਿਆਂ ਵਿਚ
ਤੇ
ਅਸੀਂ ਚੈਨ ਨਾਲ ਬੈਠ ਕੇ
ਆਖ ਸਕੀਏ
ਚਾਰ ਸ਼ੁਕਰਾਨੇ ਭਰੇ ਸ਼ਬਦ

ਤੇ
ਉਤਾਰ ਕੇ ਰੱਖ ਦਈਏ
ਸ਼ਿਕਵੇ, ਸ਼ਿਕਾਇਤਾਂ ਤੇ ਸ਼ਿਕਨ ਦੇ ਲਿਬਾਸ
ਕਿਉਂਕਿ
ਸਾਡੇ ਪਾਸ ਸੁੱਖਾਂ ਦੀ ਤਾਂ ਕਮੀ ਨਹੀਂ
ਕਮੀ ਤਾਂ ਬਸ ਸੋਚ ਦੀ ਹੈ।



## ਬੱਚਾ

ਬੱਚਾ
ਸੱਚਾ
ਨਿਰਛਲ
ਨਿਰਕਪਟ
ਤੇ
ਮੁਕਤ
ਵੱਡਿਆਂ ਵਾਲੇ ਸਾਰੇ ਰੋਗਾਂ ਤੋਂ।
ਹੱਸਦਾ
ਖਿੜ-ਖਿੜ ਕਰਕੇ
ਨਿੱਕੀ-ਨਿੱਕੀ ਗੱਲ 'ਤੇ
ਉੱਚੀ-ਉੱਚੀ।
ਮਰਜ਼ੀ ਦਾ ਮਾਲਕ
ਕੋਰਾ ਬਾਦਸ਼ਾਹ
ਆਪਣੀ ਸਲਤਨਤ
ਆਪਣੇ ਹੁਕਮ
ਬੇ-ਪ੍ਰਵਾਹ
ਸੱਚ-ਮੁੱਚ
ਸ਼ਹਿਨਸ਼ਾਹ।
ਬਿਲਕੁਲ ਖਾਲੀ
ਹੌਲ਼ਾ
ਫੁੱਲ ਵਾਂਗਰ
ਸ਼ੁੱਧ
ਖ਼ਾਲਸ ਘਿਉ ਵਰਗਾ।
ਜੀਅ ਨਹੀਂ ਕਰਦਾ
ਬੱਚੇ ਹੀ ਹੋ ਜਾਈਏ?

## ਬਹੁਤ ਦਿਲ ਕਰਦੈ

ਕਦੇ- ਕਦੇ
ਤੇਰੇ ਨਾਲ
ਦਿਲ ਖੋਲ੍ਹ ਕੇ
ਗੱਲਾਂ ਕਰਨ ਨੂੰ ਬਹੁਤ ਦਿਲ ਕਰਦੈ।
ਤੈਨੂੰ ਘੁੱਟ ਕੇ ਸੀਨੇ ਨਾਲ ਲਾਉਣ ਨੂੰ
ਤੇਰੇ ਸਾਹਾਂ ਨਾਲ ਸਾਹ ਰਲਾਉਣ ਨੂੰ
ਗੱਲ ਕੀ
ਤੈਨੂੰ ਆਪਣਾ ਬਣਾਉਣ ਨੂੰ
ਬਹੁਤ ਚਿੱਤ ਕਰਦੈ।
ਪਰ ਮੈਨੂੰ ਇਹ ਦੱਸ
ਕੀ ਤੂੰ ਮੇਰਾ ਨਹੀਂ?
ਕੀ ਤੂੰ ਉਹ ਨਹੀਂ
ਜੋ ਰੋਜ਼ ਮੇਰੇ ਨਾਲ ਗੱਲਾਂ ਕਰਦੈਂ
ਮੈਨੂੰ ਘੁੱਟ-ਘੁੱਟ ਪਿਆਰ ਕਰਦੈਂ
ਤੇ
ਮੇਰੇ ਦਿਲ ਦੀਆਂ ਬਾਤਾਂ ਸੁਣਦੈਂ?
ਕੀ ਕਿਹਾ?
ਬਿਲਕੁਲ ਉਹੀ ਹੈਂ।
ਫਿਰ
ਮੈਂ ਇਹ ਕੀ ਆਖ ਰਿਹਾਂ?
ਫਿਰ ਇਹ ਖ਼ਲਾਅ ਕਿਉਂ?
ਕੀ?



ਮੇਰੀ ਸਮਝ ਦੀ ਕਮੀ ਹੈ?
ਮੈਨੂੰ ਪਹਿਚਾਣ ਨਹੀਂ ਹੈ?
ਠੀਕ ਹੈ
ਮੈਂ ਚੁੱਪ ਕਰ ਜਾਂਦਾ ਹਾਂ
ਤੂੰ ਆਪੇ ਦੱਸ ਦੇਵੀਂ...

## ਆਪਣਾ ਵੀ ਇਕ ਆਲ੍ਹਣਾ ਹੋਵੇ?

ਤੇਰਾ ਜੀਅ ਨਹੀਂ ਕਰਦੈ
ਕਿ
ਆਪਣਾ ਵੀ ਇਕ ਆਲ੍ਹਣਾ ਹੋਵੇ?
ਉਸ ਵਿਚ ਬੈਠ
ਆਪਾਂ ਪਿਆਰ ਕਰੀਏ
ਦੁਲਾਰ ਕਰੀਏ
ਤੇ
ਇਕ-ਦੂਜੇ ਨੂੰ ਟੋਲ੍ਹਦੇ ਹੋਏ
ਇਕ-ਦੂਜੇ
ਦੇ
ਰੂਹਾਨੀ ਦੀਦਾਰ ਕਰੀਏ।
ਅਜਿਹਾ ਆਲ੍ਹਣਾ
ਜਿਹੜਾ ਬਹੁਤ ਦੂਰ
ਕਿਸੇ ਉੱਚੇ ਪਹਾੜ ਦੀ ਚੋਟੀ 'ਤੇ
ਕਿਸੇ ਛਾਂ-ਦਾਰ ਰੁੱਖ 'ਤੇ ਹੋਵੇ।
ਉਸ ਵਿਚ
ਇਕ ਮੈਂ ਹੋਵਾਂ
ਇਕ ਤੂੰ ਹੋਵੇਂ
ਤੇ ਅਸੀਂ
ਮੁਹੱਬਤ ਦੀ ਆਗ਼ੋਸ਼ ਵਿਚ ਬੈਠ
ਇਕ ਪਲ ਵਿਚ
ਸਦੀਆਂ ਭੋਗ ਲਈਏ



ਤੇ
ਮੁਹੱਬਤ ਕਰਦੇ-ਕਰਦੇ
ਮੁਹੱਬਤ ਹੋ ਜਾਈਏ।
ਇਹ ਪਤਾ ਹੀ ਨਾ ਲੱਗੇ
ਕਿ
ਤੂੰ ਕੌਣ ਹੈਂ
ਮੈਂ ਕੌਣ ਹਾਂ।
ਬੱਸ
ਇਕ ਹੀ ਆਵਾਜ਼ ਆਵੇ
ਮੈਂ
ਮੁਹੱਬਤ ਬੋਲ ਰਹੀ ਹਾਂ
ਆਓ
ਮੇਰੇ ਗਲੇ ਲੱਗ ਜਾਓ
ਮੇਰੇ ਗੀਤ ਗਾਓ
ਖ਼ੁਸ਼ੀਆਂ ਮਨਾਓ!

## ਮਿਲਣ ਦਾ ਵਾਅਦਾ

ਤੂੰ
ਮਿਲਣ ਦਾ ਵਾਅਦਾ ਕੀਤਾ ਸੀ
ਤੇ ਮੈਂ
ਭਰੋਸਾ ਕਰ
ਉਡੀਕ ਦੇ ਰਾਹ ਪੈ ਗਿਆ।
ਤੈਨੂੰ ਸ਼ਾਇਦ ਇਹ ਨਹੀਂ ਪਤਾ
ਕਿ
ਮੇਰੀ ਉਡੀਕ
ਕਿੰਨੀ ਲੰਮੀ ਹੋ ਸਕਦੀ ਹੈ।
ਮੈਂ
ਇਸ ਲਈ
ਕਈ ਸਦੀਆਂ ਵੀ ਕੁਰਬਾਨ ਕਰ ਸਕਦੈਂ।
ਯਾਦ ਰੱਖ!
ਤੇਰੇ ਕੋਲ
ਵਾਅਦਾ ਵਫ਼ਾ ਕਰਨ ਤੋਂ ਬਿਨਾਂ
ਹੋਰ ਕੋਈ ਰਾਹ ਹੀ ਨਹੀਂ
ਕਿਉਂਕਿ
ਮੈਨੂੰ ਮੇਰੀ ਉਡੀਕ ਉੱਪਰ
ਬਹੁਤ ਮਾਣ ਹੈ।



## ਤਲਾਸ਼

ਕੀ
ਕਿਉਂ
ਤੇ
ਕਿਵੇਂ?
ਸਫ਼ਰ ਤਾਂ ਬਹੁਤ ਹੋ ਗਿਆ ਹੈ
ਪਰ
ਅਰਥ ਅਜੇ ਵੀ ਸਮਝ ਤੋਂ ਬਾਹਰ ਹਨ।
ਦੇਖਦੇ ਹਾਂ
ਕੀ ਬਣਦਾ ਹੈ।
ਤਲਾਸ਼ ਤਾਂ ਜਾਰੀ ਹੈ
ਸਮਝ ਆਉਂਦੀ ਹੈ
ਜਾਂ ਨਹੀਂ
ਇਹ ਵੀ ਸਮਝ ਤੋਂ ਬਾਹਰ ਹੈ।
ਅਰਥ ਕੌਣ ਦੱਸੇ
ਇਹ ਵੀ ਤਲਾਸ਼ ਰਿਹਾਂ
ਅਜੇ ਤਕ ਤਾਂ
ਕੋਈ ਨਹੀਂ ਮਿਲਿਆ
ਸ਼ਾਇਦ
ਮਿਲ ਹੀ ਪਵੇ
ਇਸੇ ਆਸ ਨਾਲ
ਲਗਾਤਾਰ ਸਫਰ ਉੱਪਰ ਹਾਂ।
ਸਫ਼ਰ ਜਾਰੀ ਹੈ

ਅਰਥ ਮਿਲਣ ਜਾਂ ਨਾ ਮਿਲਣ
ਪਰ
ਤੈਨੂੰ ਜਰੂਰ ਜਾਣ ਲਵਾਂਗਾ
ਤੇ
ਆਪਣੀ ਔਕਾਤ ਦਾ ਵੀ ਪਤਾ ਚੱਲ ਜਾਵੇਗਾ।



## ਕੋਕੋ

ਮੇਰੇ ਪਿੰਡ
ਇਕ ਕੋਕੋ ਰਹਿੰਦੀ ਸੀ
ਜਿਹੜੀ ਚੀਜ਼ਾਂ ਲੈ ਕੇ
ਆਲੋਪ ਹੋ ਜਾਂਦੀ ਸੀ।
ਜਦ ਵੀ ਬੱਚਾ
ਕਿਸੇ ਚੀਜ਼ ਦੀ ਜ਼ਿੱਦ ਕਰਦਾ
ਤਾਂ
ਇਕੋ ਜਵਾਬ ਮਿਲਦਾ
ਕੋਕੋ ਲੈ ਗਈ।
ਬਹੁਤ ਸ਼ਕਤੀਸ਼ਾਲੀ ਹੁੰਦੀ ਸੀ ਕੋਕੋ
ਲੈ ਜਾਂਦੀ ਸੀ
ਨਿਆਣਿਆਂ ਦੇ ਛਣਕਣੇ
ਚੁੰਘਣੀਆਂ
ਜਾਂ
ਅਜਿਹਾ ਹੋਰ ਬਹੁਤ ਕੁਝ।
ਕੋਕੋ ਕਿੱਧਰ ਚਲੀ ਗਈ ਹੈ ਹੁਣ?
ਬਹੁਤ ਤਲਾਸ਼ ਹੈ ਉਸਦੀ।
ਸੱਦਾ ਦੇ ਰਿਹਾਂ ਹਾਂ ਉਸ ਨੂੰ
ਜੇਕਰ ਸੱਚ-ਮੁੱਚ ਸ਼ਕਤੀਸ਼ਾਲੀ ਹੈ ਉਹ
ਤਾਂ ਲੈ ਕੇ ਜਾਵੇ
ਠੱਗੀ, ਚੋਰੀ ਤੇ ਬੇਈਮਾਨੀ ਨੂੰ
ਝੂਠ, ਕੁਫ਼ਰ ਤੇ ਲੁੱਟ-ਖਸੁੱਟ ਨੂੰ

ਰਿਸ਼ਵਤਖ਼ੋਰੀ ਨੂੰ
ਬੇਰੁਜ਼ਗਾਰੀ ਨੂੰ
ਧੱਕੇਸ਼ਾਹੀ ਨੂੰ
ਸੀਨਾ-ਜ਼ੋਰੀ ਨੂੰ
ਖ਼ੁਦਕੁਸ਼ੀਆਂ ਨੂੰ
ਤੇ
ਭੁੱਖਮਰੀ ਨੂੰ
ਤੇ
ਕਰ ਦੇਵੇ ਸਦਾ ਲਈ ਗ਼ਾਇਬ।
ਪਰ ਕੋਕੋ ਤਾਂ
ਬੱਚਿਆਂ ਦੇ ਛਣਕਣੇ
ਤੇ
ਚੁੰਘਣੀਆਂ ਹੀ ਆਲੋਪ ਕਰ ਸਕਦੀ ਹੈ।
ਕਾਹਨੂੰ ਸ਼ਕਤੀਸ਼ਾਲੀ ਹੈ ਉਹ-
ਮੈਂ
ਤਾਂ ਐਵੇਂ ਹੀ ਭਰਮ ਵਿਚ ਆ ਗਿਆ
ਇਹ ਉਸ ਵਿਚਾਰੀ ਦੇ ਵੱਸ ਵਿਚ ਨਹੀਂ।
ਇਸ ਲਈ ਤਾਂ
ਸਾਨੂੰ ਸਾਡੇ ਮਨਾਂ ਵਿਚ
ਸੁੱਤੀ ਕੋਕੋ ਜਗਾਉਣੀ ਹੋਵੇਗੀ
ਤੇ ਫਿਰ
ਸਾਨੂੰ ਕੋਈ ਰੋਕ ਨਹੀਂ ਸਕੇਗਾ
ਉਹ ਸਮਾਂ ਆਉਣ ਹੀ ਵਾਲਾ ਹੈ
ਬਹੁਤਾ ਦੂਰ ਨਹੀਂ।



## ਨਜ਼ਰ

ਮਾਂ ਅਕਸਰ ਆਖਦੀ ਐ
ਨਜ਼ਰ ਤੋਂ ਬਚ ਕੇ ਰਿਹਾ ਕਰ ਪੁੱਤ
ਇਹ ਤਾਂ ਪੱਥਰਾਂ ਨੂੰ ਵੀ ਪਾੜ ਦਿੰਦੀ ਐ।
ਮਾਂ
ਤੇਰੇ ਪਾਸ ਤਾਂ ਰੱਬ ਦੀ ਨਦਰਿ ਹੈ
ਨਜ਼ਰ ਮੇਰਾ ਕੀ ਕਰ ਸਕਦੀ ਹੈ?
ਮੈਂ ਤਾਂ
ਤੇਰੇ ਦੱਸੇ ਧਰਮ ਅਨੁਸਾਰ
ਤੇਰਾ ਦਿੱਤਾ
ਕਰਮ ਕਰਦਾਂ
ਹੱਕ ਤੇ ਸੱਚ ਨਾਲ
ਇਸ ਲਈ ਡਰ ਕਾਹਦਾ!
ਨਾ ਪੁੱਤ!
ਮਾੜੀਆਂ ਨਜ਼ਰਾਂ ਤੋਂ
ਫਿਰ ਵੀ ਬਚ ਕੇ ਰਿਹਾ ਕਰ
ਪ੍ਰੇਤ ਵਾਂਗੂੰ
ਤੁਰੀਆਂ ਫਿਰਦੀਆਂ ਨੇ
ਪਤਾ ਨੀ ਕਦੋਂ ਚਿੰਬੜ ਜਾਣ।
ਕਿੰਨਾ ਫ਼ਿਕਰ ਕਰਦੀ ਹੈ ਮਾਂ!
ਪਰ
ਮਾਂ ਆਪਣੀ ਸ਼ਕਤੀ ਨੂੰ ਨਹੀਂ ਜਾਣਦੀ
ਉਸ ਨੂੰ ਇਹ ਪਤਾ ਹੀ ਨਹੀਂ

ਕਿ
ਉਸ ਪਾਸ
ਉਸਦੀ ਨਦਰਿ ਦਾ ਅਮੁੱਕ ਖ਼ਜ਼ਾਨਾ ਹੈ
ਤੇ
ਨਦਰਿ ਸਾਹਵੇਂ ਨਜ਼ਰ
ਭਲਾਂ ਕਿਵੇਂ ਟਿਕ ਸਕਦੀ ਹੈ?
ਪਰ ਮਾਂ
ਇਹ ਦੁਆ ਜ਼ਰੂਰ ਕਰਿਆ ਕਰ
ਕਿ ਕਿਤੇ
ਆਪਣੀ ਨਜ਼ਰ ਮਾੜੀ ਨਾ ਹੋਵੇ
ਤੇ
ਨਾ ਹੀ ਕਦੇ ਕਿਸੇ ਨੂੰ
ਬੁਰੀ ਨਜ਼ਰ ਨਾਲ ਦੇਖਾਂ।
ਬੱਸ
ਆਪਣੀ ਨਦਰਿ
ਮੇਰੇ 'ਤੇ ਸਦਾ ਬਣਾਕੇ ਰੱਖ।
ਮੈਨੂੰ ਨਜ਼ਰ ਦਾ ਕੋਈ ਡਰ ਨਹੀਂ।



## ਫੁੱਲ ਦਾ ਖਿੜਨਾ

ਆਪਣੇ ਬਗ਼ੀਚੇ ਵਿਚ
ਖਿੜੇ ਫੁੱਲਾਂ ਨੂੰ ਦੇਖ ਕੇ
ਬਿਨਾਂ ਸ਼ੱਕ
ਅਸੀਮ ਖ਼ੁਸ਼ੀ ਦਾ ਅਹਿਸਾਸ ਹੁੰਦੈ।
ਫੁੱਲ ਦਾ ਖਿੜਨਾ
ਸੱਚ-ਮੁੱਚ
ਭਾਗਾਂ ਵਾਲੀ ਗੱਲ ਹੈ।
ਪਰ
ਅਸੀਂ ਉਸ ਮਾਲੀ ਨੂੰ
ਕਿਉਂ ਭੁੱਲ ਜਾਂਦੇ ਹਾਂ
ਜੋ
ਫੁੱਲ ਦੇ ਖਿੜਨ ਦਾ ਮੁੱਖ ਸਰੋਤ ਹੈ।
ਉਹ ਬੀਜ ਬੀਜਦਾ ਹੈ
ਬੂਟੇ ਨੂੰ ਸਿੰਜਦਾ ਹੈ
ਤੇ
ਉਸਦੀ ਰਾਖੀ ਕਰਦਾ ਹੈ
ਤਾਂ ਜਾ ਕੇ
ਕਿਤੇ ਫੁੱਲ ਖਿੜਦਾ ਹੈ।
ਅਸੀਂ ਖਿੜੇ ਫੁੱਲ ਦਾ
ਸਾਰਾ ਸਿਹਰਾ
ਆਪਣੇ ਹੀ ਸਿਰ ਸਜਾ ਲੈਂਦੇ ਹਾਂ
ਇਹ ਜਾਣਦੇ ਹੋਏ ਵੀ

ਕਿ
ਫੁੱਲ ਸਾਡੇ ਕਾਰਨ ਨਹੀਂ ਖਿੜਿਆ
ਸਾਡੇ ਤਾਂ ਸਿਰਫ਼ ਭਾਗ ਹੀ ਚੰਗੇ ਸੀ।
ਮਾਲੀ ਨੂੰ ਯਾਦ ਰੱਖੀਏ
ਤੇ
ਉਸਦਾ ਸ਼ੁਕਰਾਨਾ ਕਰੀਏ!
ਯਕੀਨਨ!
ਫੁੱਲ ਦਾ ਖਿੜਣਾ
ਚੰਗੇ ਭਾਗਾਂ ਦੀ ਨਿਸ਼ਾਨੀ ਹੈ।



## ਦੁੱਖ ਤੇ ਧਰਵਾਸਾ

ਬਹੁਤ ਆਸਾਨ ਹੁੰਦੈ
ਕਿਸੇ ਦੇ ਦੁੱਖ ਵਿਚ ਸ਼ਰੀਕ ਹੋ
ਉਸ ਨੂੰ ਧਰਵਾਸਾ ਦੇਣਾ
ਤੇ
ਤਰ੍ਹਾਂ-ਤਰ੍ਹਾਂ ਦੀਆਂ ਮਿਸਾਲਾਂ ਦੇ ਕੇ
ਉਸ ਨੂੰ ਸਮਝਾਉਣ ਦਾ ਯਤਨ ਕਰਨਾ।
ਇਹ ਜਰੂਰੀ ਵੀ ਹੁੰਦੈ
ਨਹੀਂ ਤਾਂ ਬੰਦਾ ਸ਼ਾਇਦ
ਕੰਧਾਂ ਵਿਚ ਟੱਕਰਾਂ ਮਾਰ-ਮਾਰ ਹੀ ਮਰ ਜਾਵੇ।
ਪਰ
ਬਹੁਤ ਔਖਾ ਹੁੰਦੈ
ਕਿਸੇ ਪਿਆਰੇ ਦੇ ਤੁਰ ਜਾਣ ਨੂੰ ਝੱਲਣਾ!
ਕਲੇਜਾ ਫ਼ਟ-ਫ਼ਟ ਆਉਂਦੈ
ਤੇ
ਅੱਖਾਂ ਰੋ-ਰੋ ਸੁੱਕ ਜਾਂਦੀਆਂ ਨੇ।
ਜੀਹਦਾ ਜਾਂਦਾ
ਪਤਾ ਤਾਂ ਉਸ ਨੂੰ ਹੀ ਲੱਗਦੈ
ਕਿ
ਕਿੱਡਾ ਵੱਡਾ ਖ਼ਲਾਅ ਪੈਦਾ ਹੋ ਗਿਐ?
ਹੁਣ ਉਸ ਨੂੰ
ਭੱਜ-ਭੱਜ ਘੁੱਟ ਸੀਨੇ ਲਾਉਣ ਵਾਲਾ ਨਹੀਂ ਰਿਹੈ
ਤੇ

ਜਦ ਕਲਾਵਾ ਖਾਲੀ ਹੋ ਜਾਂਦਾ
ਤਾਂ
ਉਹ ਦਰਦ ਨਹੀਂ ਹੁੰਦਾ
ਉਹ ਤਾਂ
ਅਜਿਹੀ ਅਸਹਿ ਤੇ ਅਕਹਿ ਪੀੜਾ ਹੁੰਦੀ ਹੈ
ਜਿਹੜੀ ਜਿਸ ਤਨ ਲੱਗੀ ਹੁੰਦੀ ਹੈ
ਉਹ ਹੀ ਉਸ ਨੂੰ ਸਮਝ ਸਕਦੈ।
ਇਹ ਸੱਚ ਹੈ
ਕਿ
ਸਭ ਨੇ ਚਲੇ ਜਾਣਾ ਹੈ
ਪਰ
ਜਿਉਂਦੇ ਜੀਅ
ਕਿਸੇ ਪਿਆਰੇ ਦੇ ਚਲੇ ਜਾਣ ਦਾ
ਦਰਦ ਸਹਿਣਾ ਬਹੁਤ ਔਖਾ ਹੁੰਦੈ।
ਇਹ ਠੀਕ ਹੈ
ਅਸੀਂ ਧਰਵਾਸਾ ਜਰੂਰ ਦਿੰਦੇ ਹਾਂ
ਪਰ
ਉਸਦੇ ਖ਼ਲਾਅ ਨੂੰ ਭਰਿਆ ਨਹੀਂ ਜਾ ਸਕਦਾ
ਬਸ
ਉਸ ਬਿਨ ਜਿਉਣ ਦੀ
ਆਦਤ ਹੀ ਪਾਉਣੀ ਪੈਂਦੀ ਹੈ
ਵਿਛੋੜੇ ਦਾ ਦਰਦ ਨਹੀਂ ਘਟਦਾ।



## ਦੋ ਸਮੁੰਦਰਾਂ ਦਾ ਮਿਲਣ !

ਸਮੁੰਦਰ ਕੰਢੇ ਖੜ੍ਹ
ਜਦ
ਉਸ ਨੂੰ
ਸਮੁੰਦਰ ਹੁੰਦੇ ਤੱਕਿਆ
ਤਾਂ
ਇਕ-ਮਿੱਕ ਹੋਣ ਦਾ
ਇਹ ਨਜ਼ਾਰਾ ਦੇਖ ਕੇ
ਸੌ ਜਨਮਾਂ ਦੀ ਪਿਆਸ ਮਿਟ ਗਈ!
ਕਿੰਨਾ ਆਨੰਦਮਈ ਹੁੰਦਾ ਹੈ
ਦੋ ਸਮੁੰਦਰਾਂ ਦਾ ਮਿਲਣ!
ਤੂੰ ਮੇਰਾ ਮੈਂ ਤੇਰੀ!
ਬਣਿਆਂ ਰਹੀਂ ਬੱਸ
ਹੋਰ ਕੁਝ ਨਹੀਂ ਕਹਿਣਾ।

## ਉਹ ਚਿੜੀਆਂ

ਅਲੋਪ ਹੋ ਗਈਆਂ ਨੇ
ਉਹ ਚਿੜੀਆਂ
ਜੋ
ਆਪਣੀ ਚੀਂ-ਚੀਂ ਨਾਲ
ਸਵੇਰੇ-ਸਵੇਰੇ
ਘਰਾਂ ਵਿਚ ਦਸਤਕ ਦਿੰਦੀਆਂ ਸਨ
ਤੇ
ਮੁੜ ਸਾਰਾ ਦਿਨ
ਨੇੜੇ-ਤੇੜੇ ਖੇਡਦੀਆਂ ਰਹਿੰਦੀਆਂ।
ਘਰਾਂ ਦੀ ਰੌਣਕ ਸਨ ਚਿੜੀਆਂ!
ਕਦੇ-ਕਦੇ
ਖੇਡ ਵਜੋਂ
ਧਰਤੀ 'ਤੇ ਦਾਣੇ ਪਾ
ਤੇ
ਟੋਕਰੀ ਲਗਾ ਕੇ
ਉਨ੍ਹਾਂ ਨੂੰ ਫੜਨਾ
ਤੇ
ਜਦ ਟੋਕਰੀ ਚੁੱਕਣਾ
ਉਨ੍ਹਾਂ ਫੁਰਰ ਕਰ
ਮੁੜ ਉੱਡ ਜਾਣਾ।
ਬਹੁਤ ਦਿਲ ਲੱਗਦਾ ਸੀ
ਉਨ੍ਹਾਂ ਚਿੜੀਆਂ ਨਾਲ।



ਚਿੜੀਆਂ
ਬਹੁਤ ਪਿਆਰ ਦਿੰਦੀਆਂ
ਤੇ
ਬਹੁਤ ਪਿਆਰ ਲੈਂਦੀਆਂ।
ਪਤਾ ਨਹੀਂ
ਹੁਣ
ਕਿੱਧਰ ਚਲੀਆਂ ਗਈਆਂ ਨੇ ਉਹ?
ਗਈਆਂ ਨੇ ਜਾਂ ਤੋਰ ਦਿੱਤੀਆਂ ਨੇ?
ਪਰ
ਚਿੜੀਆਂ ਦੀ ਚੀਂ-ਚੀਂ ਤੋਂ
ਘਰ ਜ਼ਰੂਰ ਸੱਖਣੇ ਹੋ ਗਏ ਨੇ
ਉਦਾਸੇ-ਉਦਾਸੇ!
ਕੀ ਹੋ ਗਿਆ ਹੈ ਸਾਨੂੰ?
ਅਜੇ ਵੀ ਸਬਕ ਨਹੀਂ ਲੈ ਰਹੇ?
ਕਿਉਂ ਹੋਰ ਵਿਰਾਨ ਕਰ ਰਹੇ ਹਾਂ
ਘਰਾਂ ਨੂੰ?
ਚਿੜੀਆਂ ਤਾਂ ਘਰ ਦੇ ਭਾਗ ਹਨ!

## ਰੱਬ ਦੀ ਸੂਰਤ ਤੇ ਸੀਰਤ

ਕਿਸੇ ਨੇ ਪੁੱਛਿਆ
ਰੱਬ ਦੀ ਸੂਰਤ
ਤੇ
ਸੀਰਤ ਕਿਹੋ-ਜਿਹੀ ਹੁੰਦੀ ਹੈ?
ਮੇਰੇ ਤੋਂ
ਸੁਭਾਵਿਕ ਹੀ ਕਹਿ ਹੋ ਗਿਆ
ਕਿ
ਤੈਨੂੰ ਮਿਲ ਲਵੇ
ਜਵਾਬ ਆਪੇ ਮਿਲ ਜਾਵੇਗਾ।
ਉਹ ਬਹੁਤ ਅਰਾਮ ਨਾਲ
ਸਹਿਜ
ਤੇ
ਸ਼ਾਂਤ ਹੋ ਕੇ
ਮੇਰੇ ਪਾਸੋਂ
ਚਲਾ ਗਿਆ।
ਮੈਂ ਉਸ ਵੱਲ
ਤਦ ਤਕ ਦੇਖਦਾ ਰਿਹਾ
ਜਦ ਤਕ
ਉਹ
ਮੇਰੀਆਂ ਨਜ਼ਰਾਂ ਤੋਂ
ਅਲੋਪ ਨਹੀਂ ਹੋ ਗਿਆ।
ਹੁਣ ਮੈਂ



ਸਿਰਫ਼ ਤੇਰੇ ਬਾਰੇ ਹੀ ਸੋਚ ਰਿਹਾ ਸੀ
ਨਾਲ ਆਪਣੇ ਬਾਰੇ ਵੀ
ਕਿ
ਮੇਰਾ ਵਿਸ਼ਵਾਸ ਕਿੰਨਾ ਪੱਕਾ ਹੈ!

## ਸ਼ਾਂਤ, ਮੈਂ ਕਿਹਾ

ਆ
ਬੈਠ
ਮਿਲ!
ਉਸ ਕਿਹਾ
ਠੀਕ ਹੈ!
ਮੈਂ ਕਿਹਾ
ਬਰਸਾਤ ਹੈ
ਭਿੱਜਾਂਗੇ!
ਉਸ ਕਿਹਾ
ਜਰੂਰ!
ਮੈਂ ਕਿਹਾ
ਸਾਗਰ ਵਿਚ ਤੂਫ਼ਾਨ ਹੈ!
ਉਸ ਕਿਹਾ
ਕੋਈ ਗੱਲ ਨਹੀਂ
ਰੁਕ ਜਾਵੇਗਾ!
ਮੈਂ
ਚੁੱਪ ਹੋ ਗਿਆ
ਤੇ
ਉਹ ਵੀ!
ਹੁਣ
ਸਭ ਕੁਝ ਸ਼ਾਂਤ ਸੀ।



## ਕਾਵਿ-ਪੁਸਤਕਾਂ ਦੀ ਕਵਿਤਾ

ਰਾਤ ਦੇ ਰੇਗਿਸਤਾਨ ਵਿਚ
ਚਾਣਨ ਦੀਆਂ ਕਿਰਨਾਂ
ਤਾਂ ਹੀ ਦਿਖਾਈ ਦਿੰਦੀਆਂ ਹਨ
ਜੇਕਰ
ਅੱਖਰ ਬੋਲਦੇ ਹੋਣ
ਸ਼ਬਦ ਸਾਥ ਦੇਣ
ਤੇ
ਅਰਥ ਤੁਹਾਨੂੰ ਰਸਤਾ ਦੱਸਣ ਲੱਗ ਪੈਣ।
ਇਹ ਕਿਰਪਾ ਦਾ ਪ੍ਰਸਾਦਿ
ਜਦ
ਮਿਲ ਜਾਂਦਾ ਹੈ
ਤਾਂ
ਜ਼ਿੰਦਗੀ ਬੂੰਦ ਤੋਂ ਸਾਗਰ
ਹੋ ਜਾਂਦੀ ਹੈ
ਹਰ ਪਲ
ਆਨੰਦ ਦਾ ਪਲ ਹੋ ਜਾਂਦਾ ਹੈ
ਝਗੜੇ ਝਮੇਲੇ ਮਿਟ ਜਾਂਦੇ ਹਨ
ਸ਼ਿਕਵੇ-ਸ਼ਿਕਾਇਤਾਂ ਮੁੱਕ ਜਾਂਦੇ ਹਨ
ਤੇ
ਬੰਦਾ ਭਾਰ-ਮੁਕਤ ਹੋ ਜਾਂਦਾ ਹੈ।
ਫਿਰ
ਇਕ ਹੀ ਅਹਿਸਾਸ ਉਪਜਦਾ ਹੈ
ਮੈਂ ਬਹੁਤ ਖ਼ੁਸ਼ ਹਾਂ
'ਤੇਰੇ ਨਾਲ....'

## ਆਨੰਦ ਦਾ ਰਾਹ

ਆਨੰਦ ਦਾ ਰਾਹ
ਸਹਿਜ ਵਿਚ ਹੈ
ਉਡੀਕ ਵਿਚ!
ਲਗਾਤਾਰ ਲੱਗੇ ਰਹਿਣ ਵਿਚ
ਬਿਨਾਂ ਕਿਸੇ ਉਪਰਾਮ
ਉਦਰੇਵੇਂ
ਜਾਂ
ਅਕੇਵੇਂ ਦੇ।
ਜੇ ਤੇਰਾ ਮਿਲਣਾ
ਏਨਾ ਹੀ ਸੁਖਾਲਾ ਹੁੰਦਾ
ਤਾਂ
ਬਿਰਹਾ ਦੀ ਜੂਨ
ਫਿਰ ਕੌਣ ਹੰਢਾਉਂਦਾ?
ਤੈਨੂੰ ਮਿਲਣਾ ਤਾਂ
ਕੋਰੀ ਤਪੱਸਿਆ ਹੈ।
ਸ਼ਰਧਾ ਤੇ ਅਕੀਦਤ ਨਾਲ
ਤੇਰੀ ਉਡੀਕ ਵਿਚ
ਨੀਝ ਲਾ ਕੇ ਬੈਠੇ ਰਹਿਣਾ।
ਪਰ
ਉਡੀਕ ਤੋਂ ਬਾਅਦ
ਬਿਰਹਾ ਤੋਂ ਬਾਅਦ
ਵਸਲ ਦੀ ਪ੍ਰਾਪਤੀ



ਆਨੰਦ ਦੀ ਆਖ਼ਰੀ ਮੰਜ਼ਿਲ ਹੈ!
ਉਹ ਮੰਜ਼ਿਲ
ਜਦ ਇਸ਼ਕ ਵਿਚ
ਗਦ-ਗਦ ਹੋਈ ਰੂਹ
ਆਪ-ਮੁਹਾਰੇ ਕਹਿੰਦੀ ਹੈ
ਹੁਣ ਕੁਝ ਹੋਰ ਨਹੀਂ ਲੋੜੀਂਦਾ
ਤੂੰ ਮੇਰੇ ਕੋਲ ਹੈਂ
ਤੇ
ਮੈਂ 'ਤੇਰੇ ਨਾਲ...'!

## ਨਿੱਕੀ ਜਿਹੀ ਬੂੰਦ

ਇਕ ਬਹੁਤ ਹੀ ਨਿੱਕੀ ਜਿਹੀ ਬੂੰਦ
ਬਣ ਜਾਂਦੀ ਹੈ
ਇਕ ਸਮੁੰਦਰ
ਬਹੁਤ ਵਿਸ਼ਾਲ
ਅਥਾਹ ਤੇ ਅਸਗਾਹ
ਜਿਸਦੀ ਨਾ ਲੰਮਾਈ ਪਤਾ ਚੱਲਦੀ ਹੈ
ਤੇ
ਨਾ ਹੀ ਡੂੰਘਾਈ ਮਾਪੀ ਜਾ ਸਕਦੀ ਹੈ।
ਫਿਰ
ਫ਼ੈਲਾਅ ਹੋ ਜਾਂਦੈ
ਬ੍ਰਹਿਮੰਡ ਤਕ
ਅਨੰਤ ਤਕ
ਅਸੀਮ ਪਸਾਰ!
ਮੁਹੱਬਤ ਆਪਣੇ
ਅਰਥਾਂ ਨੂੰ ਖੋਜ ਕੇ
ਸਿਮਟਦੀ ਹੋਈ
ਆਗ਼ੋਸ਼ ਵਿਚ ਆ ਬੈਠਦੀ ਹੈ
ਸਕੂਨ ਨਾਲ!
ਨਾ ਕੋਈ ਤੜਫ਼ਣੀ
ਨਾ ਸ਼ਿਕਵਾ
ਨਾ ਸ਼ਿਕਾਇਤ
ਸਭ ਕੁਝ ਤਾਂ ਮਿਲ ਗਿਐ!



ਤੇ
ਫਿਰ
ਅਭੇਦ ਹੋ ਜਾਣਾ
ਮੁੜ ਨਿੱਕੀ ਜਿਹੀ ਬੂੰਦ ਬਣ
ਉਸ ਵਿਸ਼ਾਲ ਸਮੁੰਦਰ ਨਾਲ!
ਬੱਸ
ਹੁਣ
ਵੱਖ ਨਾ ਕਰੀਂ
ਕੋਈ ਵਿਸ਼ਾਲਤਾ ਨਹੀਂ ਲੋਚਦਾ
ਕੋਈ ਫ਼ੈਲਾਅ ਨਹੀਂ ਚਾਹੀਦਾ
ਕੋਈ ਪਸਾਰ ਨਹੀਂ ਲੋੜੀਂਦਾ
ਸੱਚ ਜਾਣੀਂ!
ਕੁਝ ਵੀ ਨਹੀਂ
ਹੁਣ ਤਾਂ
ਅਭੇਦ ਹੀ ਰੱਖ
ਤੇਰੇ ਨਾਲ...।

## ਹਮਸਫ਼ਰ ਤੇ ਹਮਰਾਜ਼

ਤੂੰ ਮੇਰੇ ਤੋਂ
ਮੁਨਕਰ ਨਹੀਂ ਹੋ ਸਕਦੈ
ਮੇਰੇ ਦੋਸਤ
ਮੇਰਾ ਇਕ-ਇਕ ਪਲ
ਤੇਰੇ ਇਕ-ਇਕ ਪਲ
ਦਾ
ਹਮਸਫ਼ਰ ਤੇ ਹਮਰਾਜ਼ ਹੈ।
ਤੂੰ
ਮੁਨਕਰ ਹੈਂ ਵੀ ਕਦੋਂ?
ਇਹ ਤਾਂ
ਮੇਰੇ ਮਨ ਦਾ ਹੀ ਝੋਰਾ
ਜੋ ਮੈਂ ਇਹ ਸੋਚਦੈਂ।
ਮੇਰਾ ਵਿਸ਼ਵਾਸ ਕਿਉਂ ਡੋਲਦਾ?
ਤੇਰੇ ਵੱਲੋਂ ਤਾਂ
ਕਮੀ ਹੀ ਕੋਈ ਨਹੀਂ।
ਜੇਕਰ ਤੂੰ
ਕੁਝ ਵੀ ਨਹੀਂ ਬੋਲਦਾ
ਚੁੱਪ ਰਹਿਨੈਂ
ਤਾਂ
ਇਸ ਦਾ ਭਾਵ
ਇਹ ਥੋੜ੍ਹਾ
ਕਿ



ਤੂੰ
ਮੁਨਕਰ ਹੈਂ।
ਤੂੰ ਤਾਂ
ਸਦਾ ਮੇਰੇ ਅੰਗ-ਸੰਗ ਹੈਂ
ਮੇਰੇ ਹਰ ਬੋਲ 'ਤੇ ਹਾਜ਼ਰ
ਮੇਰੇ ਹਰ ਸਾਹ ਨਾਲ ਸਾਹ ਭਰਦੈਂ।
ਮੈਂ ਮੂਰਖ
ਵਿਸ਼ਵਾਸ ਦਾ ਕੱਚਾ ਹੋਣ ਕਰਕੇ
ਖ਼ੁਦ ਹੀ ਡੋਲ ਜਾਨਾ।
ਤੇਰੇ ਵੱਲੋਂ ਤਾਂ
ਸੱਚ-ਮੁੱਚ ਕੋਈ ਕਮੀ ਨਹੀਂ
ਮੇਰੇ ਦੋਸਤ।
ਮੈਨੂੰ ਸੋਝੀ ਬਖ਼ਸ਼!

## ਬੱਚਾ, ਪੂਰਾ ਸੱਚਾ !

ਏਧਰ-ਓਧਰ
ਇੱਥੇ-ਓਥੇ
ਭੱਜਿਆ ਫਿਰਦਾ
ਟੁੱਟਿਆ ਹੋਇਆ
ਕਿਤੇ ਨੀ ਜੁੜਿਆ
ਏਨਾ ਕੱਚਾ!
ਭਰਿਆ ਹੋਇਆ
ਟਿਕਿਆ ਹੋਇਆ
ਜੁੜਿਆ ਹੋਇਆ
ਇਕੋ ਨਾਲ
ਇੰਨਾ ਸੱਚਾ!
ਵੱਡੇ ਹੋ ਗਏ
ਝੂਠੇ ਹੋ ਗਏ
ਕੁਫ਼ਰ ਤੋਲਦੇ
ਸਦਾ ਡੋਲਦੇ
ਕਰਦੇ ਹੋਰ
ਹੋਰ ਬੋਲਦੇ
ਕਿੰਨਾ ਚੰਗਾ
ਹੁੰਦੈ ਬੱਚਾ!
ਬੱਚਾ
ਪੂਰਾ ਸੱਚਾ!
ਬਣ ਜਾ ਬੱਚਾ
ਹੋ ਜਾ ਸੱਚਾ
ਨਹੀਂ ਰਹੇਂਗਾ
ਫਿਰ ਤੂੰ ਕੱਚਾ!



## ਧੀ

ਧੀ ਹੈ
ਤਾਂ
ਧਰਮ ਹੈ
ਸ਼ਰਮ ਹੈ।
ਧੀ ਹੈ
ਤਾਂ
ਡਰ ਹੈ
ਘਰ ਹੈ।
ਧੀ ਹੈ
ਤਾਂ
ਹੋਸ਼ ਹੈ
ਸੋਚ ਹੈ।
ਧੀ ਹੈ
ਤਾਂ
ਪਿਆਰ ਹੈ
ਸੰਸਾਰ ਹੈ!
ਧੀ ਹੈ
ਤਾਂ
ਜਾਨ ਹੈ
ਪ੍ਰਾਣ ਹੈ।
ਧੀ ਹੈ
ਤਾਂ

ਜੱਗ ਹੈ
ਰੱਬ ਹੈ।
ਜੇ ਰੱਬ ਹੈ
ਤਾਂ
ਸਭ ਹੈ
ਕੱਲ੍ਹ ਹੈ
ਅੱਜ ਹੈ।



## ਮਿੱਠੂ ਤੋਤਾ

ਮਾਲਕ ਦੇ ਪਿੰਜਰੇ 'ਚ ਕੈਦ
ਮਿੱਠੂ ਤੋਤਾ
ਉਹੀ ਕੁਝ ਬੋਲਦੈ
ਜੋ
ਉਸ ਨੂੰ ਰਟਾਇਆ ਹੁੰਦੈ
ਸਿਖਾਇਆ ਹੁੰਦੈ
ਤੇ
ਸਮਝਾਇਐ ਹੁੰਦੈ।
ਪਾਪੀ ਪੇਟ ਦਾ ਸਵਾਲ ਜੋ ਹੈ?
ਵੈਸੈ
ਮਾਲਕ ਦੀ ਕੈਦ ਵਿਚ ਬੰਦ
'ਮਿੱਠੂ' ਕੋਲ
ਹੋਰ ਚਾਰਾ ਵੀ ਕੀ ਹੈ?
ਬਾਗ਼ੀ ਹੋਵੇਗਾ
ਤਾਂ
ਮਸਲ ਦਿੱਤਾ ਜਾਵੇਗਾ।
'ਮਿੱਠੂ' ਚੂਰੀ 'ਤੇ
ਅਜਿਹਾ ਲਾ ਦਿੱਤਾ ਜਾਂਦਾ
ਕਿ
ਜਦ ਵੀ ਉਹਨੂੰ
ਪੁੱਛਿਆ ਜਾਂਦੈ
ਮਿੱਠੂ ਰਾਮ ਚੂਰੀ ਖਾਣੀਂ ਏਂ?

ਤਾਂ
ਉਹ ਸਿਰਫ਼
ਹਾਂ ਵਿਚ ਹੀ ਸਿਰ ਹਿਲਾਉਂਦਾ।
ਉਸ ਨੂੰ ਪਤਾ ਹੈ
ਕਿ
ਚੂਰੀ ਤੋਂ ਬਿਨਾਂ ਢਿੱਡ ਨਹੀਂ ਭਰਨਾ
ਚੂਰੀ ਤੋਂ ਬਿਨਾਂ ਕਿਵੇਂ ਵੀ ਨਹੀਂ ਸਰਨਾ।
ਉਹ ਹਰ ਹਾਲ
ਸਿਰਫ਼ 'ਹਾਂ' ਕਰਨੀ ਹੀ ਸਿੱਖ ਜਾਂਦਾ।
ਤੇ
ਹੌਲ਼ੀ-ਹੌਲ਼ੀ
ਹਾਲਾਤ ਅਜਿਹੇ ਬਣ ਜਾਂਦੇ ਨੇ
ਕਿ
ਉਸਦਾ ਸਾਰਾ ਜੀਵਨ
'ਚੂਰੀ ਮਾਲਕ' ਦੇ
ਰਹਿਮੋ-ਕਰਮ 'ਤੇ ਹੋ ਜਾਂਦਾ
ਬੱਸ 'ਹਾਂ' ਵਿਚ 'ਹਾਂ' ਮਿਲਾਉਣਾ।
ਮਾਲਕ ਦੀ ਕੈਦ ਵਿਚ
ਰਹਿ-ਰਹਿ
ਇੰਨਾ ਨਕਾਰਾ ਹੋ ਜਾਂਦਾ
ਕਿ
ਉੱਡਣਾ ਚਾਹਵੇ ਵੀ
ਤਾਂ ਵੀ
ਉੱਡ ਨਹੀਂ ਸਕਦਾ।



ਉਹ ਵਿਚਾਰਾ
ਬਸ ਫਿਰ
ਉਹੀ ਬੋਲਦਾ
ਜੋ
ਉਸ ਨੂੰ ਰਟਾਇਆ ਹੁੰਦੈ
ਸਿਖਾਇਆ ਹੁੰਦੈ
ਤੇ
ਸਮਝਾਇਐ ਹੁੰਦੈ।

## ਸ਼ਬਦ ਦਾ ਰਾਹ

ਮਨ ਦੀ ਮੈਲ
ਸੋਚ ਦਾ ਅੰਧਕਾਰ
ਤੇ
ਰੂਹ ਦੇ ਰੋਗ ਦਾ ਇਲਾਜ
ਸ਼ਬਦਾਂ ਦੇ ਪ੍ਰਸਾਦਿ ਵਿਚ ਹੈ
ਜੋ
ਅਸੀਂ ਵੰਡਣਾ-ਵੰਡਾਉਣਾ
ਤੇ
ਛਕਣਾ-ਛਕਾਉਣਾ ਭੁੱਲ ਗਏ ਹਾਂ।
ਸ਼ਬਦ-ਗੁਰੂ ਦੇ ਲੜ ਲੱਗੇ
ਉਸਦਾ ਸਦਾ ਆਸਰਾ ਤੱਕਦੇ
ਤੇ
ਰੋਜ਼ ਅਰਦਾਸ ਰਾਹੀਂ
ਸ਼ਬਦ ਵਿਚ ਖੋਜ ਮੰਗਣ ਵਾਲੇ
ਅਸੀਂ
ਸ਼ਬਦ ਦੇ ਰਾਹ ਤੋਂ ਭਟਕ
ਪਤਾ ਨੀ
ਕਿਹੜੇ ਰਾਹ ਪੈ ਗਏ
ਸ਼ਬਦ ਤਦਬੀਰ ਨੇ
ਤਕਦੀਰ ਨੇ;
ਸ਼ਬਦ ਜੀਵਨ ਦਾ ਮੁੱਢ ਨੇ
ਤੇ
ਸ਼ਬਦ ਹੀ ਅਖ਼ੀਰ ਨੇ।
ਸ਼ਬਦ ਸੂਰਜ ਨੇ



ਸ਼ਬਦ ਵਿਚ ਸਮੁੰਦਰ ਹੈ
ਸ਼ਬਦ ਕਰਤਾਰ ਨੇ
ਸੱਚ ਤਾਂ ਇਹ ਹੈ
ਕਿ
ਸ਼ਬਦ ਹੀ ਨਿਰੰਕਾਰ ਨੇ।
ਸ਼ਬਦ ਜੀਵਨ ਬੂੰਦ ਹਨ
ਸ਼ਬਦ ਜਾਚਕ ਹਨ
ਸ਼ਬਦ ਚਾਲਕ ਹਨ
ਤੇ
ਸ਼ਬਦ ਪ੍ਰਿਤਪਾਲਕ ਹਨ।
ਜਿਉਣ ਲਈ
ਸ਼ਬਦ ਦਾ ਰਾਹ
ਹੀ
ਇਕਮਾਤਰ ਰਾਹ ਹੈ।
ਜੇ ਸ਼ਬਦ ਨੇ
ਤਾਂ
ਸਾਹ ਹੈ
ਨਹੀਂ ਤਾਂ
ਜਿਉਂਦੀਆਂ ਲੋਥਾਂ ਹਾਂ।
ਪਰ
ਪਤਾ ਨਹੀਂ ਫਿਰ ਵੀ ਕਿਉਂ
ਅਸੀਂ
ਸ਼ਬਦਾਂ ਦਾ ਪ੍ਰਸਾਦਿ
ਵੰਡਣਾ-ਵੰਡਾਉਣਾ
ਤੇ
ਛਕਣਾ-ਛਕਾਉਣਾ ਭੁੱਲ ਗਏ ਹਾਂ।

## ਅੰਤਰ-ਝਾਤ

ਅੰਦਰ ਝਾਤੀ ਮਾਰ ਰਿਹਾ ਸੀ
ਕੁਝ ਤਲਾਸ਼ਣ ਲਈ
ਤੇ
ਕੁਝ ਸਮਝਣ ਲਈ।
ਇਕ ਦਿਲ ਮਿਲਿਆ
ਖ਼ੁਸ਼ੀ ਹੋਈ
ਇਹ ਜਾਣਕੇ
ਉਹ ਮੁੱਹਬਤ ਨਾਲ ਭਰਿਆ ਹੋਇਆ ਸੀ
ਕਿਸੇ ਵੈਰ-ਵਿਰੋਧ
ਸਾੜੇ-ਕੀਨੇ
ਰੰਜਿਸ਼
ਤੇ
ਈਰਖ਼ਾ ਤੋਂ ਮੁਕਤ।
ਉਸ ਵਿਚ
ਬੱਚਾ ਵੀ ਬੈਠਾ ਸੀ
ਜਜ਼ਬਾਤ ਵੀ ਜਿਉਂਦੇ ਸਨ
ਸੱਚ-ਮੁੱਚ
ਛਲ-ਕਪਟ ਰਹਿਤ ਸੀ।
ਉਸ ਦੇ ਹੰਝੂ ਵੀ ਕਿਰਦੇ ਦੇਖੇ
ਬਹੁਤ ਭਾਵੁਕ
ਤੇ
ਰੱਜ-ਰੱਜ
ਪਿਆਰ ਕਰਨ ਵਾਲਾ ਸੀ ਉਹ।



ਨਾੜੀਆਂ ਵਿਚ ਵਹਿੰਦਾ
ਲਹੂ ਵੀ ਤੱਕਿਆ
ਤਸੱਲੀ ਮਿਲੀ
ਕਿ
ਉਸਦਾ ਰੰਗ ਸੁਰਖ਼ ਲਾਲ ਸੀ
ਭੋਰਾ ਵੀ ਸਫ਼ੈਦ ਨਹੀਂ ਸੀ ਹੋਇਆ।
ਮਨ ਦੇ ਦਰਸ਼ਨ ਵੀ ਹੋਏ
ਮੈਲ ਨਹੀਂ ਸੀ
ਤੇ
ਨਾ ਹੀ ਖੋਟ।
ਅੱਖਾਂ ਨੂੰ ਵੀ
ਅੰਦਰੋਂ ਦੇਖਿਆ।
ਕਿਸੇ ਦਾ
ਬਿਲਕੁਲ ਵੀ ਬੁਰਾ ਨਾ ਤਕਦੀਆਂ
ਇਹ ਵੀ ਚੰਗਾ ਲੱਗਿਆ।
ਬਾਹਰ ਮੁੜਿਆ
ਇਕ ਸਕੂਨ ਸੀ
ਤਸੱਲੀ ਸੀ
ਸੰਤੋਖ਼ ਸੀ
ਤੇ
ਤੇਰਾ ਸ਼ੁਕਰਾਨਾ
ਕਿਉਂਕਿ
ਇਹ ਮੈਂ ਨਹੀਂ ਸੀ
ਇਹ ਤਾਂ
ਸਿਰਫ਼ ਤੂੰ ਹੀ ਹੋ ਸਕਦਾ ਹੈਂ।

## ਹਾੜ੍ਹਾ ! ਟੁੱਟ ਨਾ !

ਹਾੜ੍ਹਾ ! ਟੁੱਟ ਨਾ !
ਨਾ
ਟੁੱਟ ਨਾ !
ਟੁੱਟਣਾ ਬਹੁਤ ਅਸਾਨ ਹੁੰਦੈ
ਕਿਸੇ ਵੀ ਰਿਸ਼ਤੇ ਤੋਂ।
ਯਾਦ ਰੱਖ !
ਇਹ ਸਾਕ
ਬੜੇ ਔਖੇ ਜੁੜਦੇ ਨੇ
ਸਿਰਫ਼ ਤਾਂ ਜੁੜਦੇ ਨੇ
ਜੇ ਉਸਦੀ ਮਿਹਰ ਹੋਵੇ।
ਟੁੱਟੇਂਗਾ
'ਕੱਲਾ ਰਹਿ ਜਾਵੇਂਗਾ
ਦੁੱਖ ਪਾਵੇਂਗਾ
ਬਹੁਤ ਪਛਤਾਵੇਂਗਾ।
ਕਦੇ ਤੂੰ
ਕਦੇ ਮੈਂ
ਇਹ ਤਾਂ ਚੱਲਦਾ ਰਹਿਣੈ
ਪਰ
ਟੁੱਟ ਬਹਿਣੈ?
ਨਾ
ਬਿਲਕੁਲ ਵੀ ਨਹੀਂ
ਟੁੱਟਣ ਦਾ ਕੀ ਕੰਮ !



ਝੱਲਾ ਜਾ !
ਚਲ ਆ
ਲੱਗ ਗਲੇ
ਛੱਡ ਰੋਸਾ
ਦੱਸ ਮੈਂ ਕੀ ਕਹਾਂ?
ਤੇਰਾ ਸਭ ਪ੍ਰਵਾਨ !
ਸੁਣ
ਇਹ ਸਾਕ
ਬੜੇ ਔਖੇ ਜੁੜਦੇ ਨੇ
ਉਸਦੀ ਮਿਹਰ ਨਾਲ
ਟੁੱਟ ਨਾ
ਗਲੇ ਲੱਗ।

## ਸਭ ਕੁਝ ਤੇਰੇ ਨਾਮ

ਤੇਰਾ ਕਿਹਾ
ਸਭ ਸੱਚ
ਜਦ ਮੈਂ ਧਾਰ ਹੀ ਲਿਆ
ਸਦਾ ਤੇਰਾ ਬਣ ਰਹਿਣਾ
ਤੈਨੂੰ ਕੁਝ ਨਹੀਂ ਕਹਿਣਾ
ਫਿਰ
ਮਨ-ਮੁਟਾਵ
ਜਾਂ
ਬਹਿਸ ਦਾ
ਸਵਾਲ ਹੀ ਨਹੀਂ।
ਤੇਰੇ ਨਾਲ
ਕਾਹਦੀ ਖ਼ੁਦਦਾਰੀ
ਤੇ
ਕਾਹਦੀ ਹਉਮੇ?
ਤੇਰਾ ਕਿਹਾ
ਤੈਨੂੰ ਮੁਬਾਰਕ!
ਆਪਣਾ ਤਾਂ
ਸਭ ਕੁਝ ਤੇਰੇ ਨਾਮ
ਤੇ
ਸਭ ਕੁਝ ਤੈਨੂੰ ਸਮਰਪਣ!
ਤੇਰੇ ਨਾਲ
ਕੋਈ ਬਹਿਸ ਨਹੀਂ



ਕੋਈ ਰੋਸਾ ਨਹੀਂ
ਕੋਈ ਸ਼ਿਕਵਾ ਨਹੀਂ
ਕੋਈ ਸ਼ਿਕਾਇਤ ਨਹੀਂ।
ਤੇਰੇ ਬਿਨ
ਕੁਝ ਵੀ ਨਹੀਂ
ਤੇ
ਤੇਰੇ ਨਾਲ
ਕੋਈ ਕਮੀ ਨਹੀਂ।
ਬਸ,
ਆਨੰਦ ਹੀ ਆਨੰਦ!
ਤੇਰੀ ਸਹੁੰ
ਸੱਚ-ਮੁੱਚ
ਕੋਈ ਕਮੀ ਨਹੀਂ।

## ਡੁੱਬੇ ਹੀ ਰਹਿਣਾ ਲੋਚਦਾ ਹਾਂ !

ਆਖਦੇ ਨੇ
ਜਿਸ ਨੂੰ ਤੈਰਨਾ ਨਹੀਂ ਆਉਂਦਾ
ਉਹ ਤਾਂ ਸਦਾ
ਡੁੱਬਦਾ ਹੀ ਹੈ
ਉਹ ਬਾਹਰ ਨਹੀਂ ਆ ਸਕਦਾ।
ਮੇਰੇ ਮਾਲਿਕ
ਕਿਰਪਾ ਕਰ
ਤੈਰਨ ਦਾ ਵੱਲ
ਨਾ ਹੀ ਆਵੇ
ਮੈਂ ਤਾਂ ਸਦਾ
ਡੁੱਬੇ ਹੀ ਰਹਿਣਾ
ਲੋਚਦਾ ਹਾਂ!
ਬਾਹਰ ਆਉਣ ਵਿਚ
ਤਾਂ
ਕੋਈ ਆਨੰਦ ਹੀ ਨਹੀਂ।
ਨਾ ਭੇਜ
ਤੜਫ਼ ਦੇ ਰਾਹ ਉੱਤੇ।
ਅਰਦਾਸ ਕਬੂਲ ਕਰ!
ਸਦਾ
ਡੋਬ ਕੇ ਰੱਖ
ਕਦੇ ਬਾਹਰ ਨਾ ਕੱਢੀਂ।
ਬਸ
ਡੋਬ ਕੇ ਰੱਖੀਂ!



## ਮਿਲਣ ਦੀ ਤਾਂਘ

ਤੈਨੂੰ ਮਿਲਣ ਦੀ ਤਾਂਘ
ਕਿੰਨੀ ਅਜੀਬ ਹੈ
ਤੂੰ ਕੋਲ ਹੈਂ
ਦਿਲ ਫਿਰ ਵੀ
ਮਿਲਣ ਨੂੰ ਤਰਸ ਰਿਹੈ।
ਇਹ ਵੀ ਕਿੰਨਾ ਅਜੀਬ ਹੈ
ਕਈ ਵਾਰ
ਤੂੰ ਕੋਲ ਵੀ ਨਹੀਂ
ਤਾਂ ਵੀ
ਤੈਨੂੰ ਮਿਲ ਲੈਂਦਾ ਹਾਂ!
ਸ਼ਾਇਦ ਇਹ ਹੀ
ਤੇਰੇ-ਮੇਰੇ
ਰਿਸ਼ਤੇ ਦੀ ਵਿਲੱਖਣਤਾ ਹੈ?

## ਤੇਰੇ ਦਰ 'ਤੇ

ਮੈਂ ਤੇਰੇ ਦਰ 'ਤੇ
ਗਲ ਵਿਚ ਬਗਲੀ ਪਾ
ਤੇ
ਹੱਥ ਵਿਚ ਠੂਠਾ ਫੜ
ਭੀਖ ਮੰਗਣ ਲਈ ਤਿਆਰ ਹਾਂ-
ਪਰ
ਮੇਰੇ ਯਾਰ
ਤੂੰ ਖ਼ੈਰ ਪਾਉਣ ਦੀ
ਹਾਮੀ ਤਾਂ ਭਰ।
ਬਿਨਾਂ ਆਸ ਤੋਂ
ਹੁਣ ਮੈਂ
ਹੋਰ ਡੁਗ-ਡੁਗੀ
ਨਹੀਂ ਵਜਾ ਸਕਦਾ।
ਹਾਂ
ਤੂੰ ਹਾਮੀ ਭਰ
ਤੇ
ਫਿਰ ਦੇਖ
ਕੋਈ ਕਸਰ ਨਹੀਂ ਛੱਡਾਂਗਾ!



## ਮੈਂ ਕੌਣ ਅਜਨਬੀ ਹਾਂ?

ਨਾ ਰੂਪ ਹੈ
ਨਾ ਸਮਝ ਹੈ
ਨਾ ਬੁੱਧ ਹੈ
ਨਾ ਸੁੱਧ ਹੈ।
ਪਤਾ ਨਹੀਂ
ਮੈਂ ਕੌਣ ਅਜਨਬੀ ਹਾਂ?
ਕਿੱਥੋਂ ਆਇਆਂ ਹਾਂ?
ਕੀ ਕਰਨਾ ਹੈ?
ਤੇ
ਕੀ ਕਰ ਰਿਹਾ ਹਾਂ?
ਕੋਈ ਜਵਾਬ ਵੀ ਨਹੀਂ
ਤੇ
ਸਮਝ
ਸਵਾਲ ਦੀ ਵੀ ਨਹੀਂ?
ਤੁਰਿਆ ਫਿਰਦਾ ਹਾਂ
ਭਾਰ ਨਾਲ
ਬੋਝ ਨਾਲ
ਅਕਲ ਦਾ ਮੁਜੱਸਮਾ ਬਣ ਕੇ
ਜਿਵੇਂ ਉਮਰਾਂ ਦੀ ਸਾਰੀ ਸਮਝ
ਲੱਭ ਲਈ ਹੋਵੇ।
ਨਾ ਸਵਾਲ ਪਤਾ ਹੈ
ਤੇ

ਨਾ ਹੀ ਜਵਾਬ।
ਅਜਨਬੀ ਹਾਂ!
ਕੌਣ ਹਾਂ
ਮੈ ਤਾਂ
ਆਪਣਾ ਹੀ ਕੁਝ ਨਹੀਂ ਜਾਣਦਾ
ਤੁਹਾਡਾ ਕੀ ਦੱਸਾਂ?



## ਪਰਮ-ਆਨੰਦ ਤੱਕ !

ਮਿੱਟੀ 'ਚ ਮਿੱਟੀ ਰਲ਼ਣੀ ਹੈ
ਜਲ ਨੇ ਜਲ ਹੋਣਾ ਹੈ
ਅਗਨ ਵਿਚ ਅਗਨ ਸਮਾਉਣੀ ਹੈ
ਤੇ
ਪਵਨ ਨੇ ਪਵਨ ਹੋਣਾ ਹੈ।
ਤੇਰਾ ਕਮਾਲ!
ਤੇਰੀ ਵਡਿਆਈ!
ਇਕ ਕਿਣਕੇ ਨੂੰ
ਇਕ ਬੂੰਦ ਨੂੰ
ਇਕ ਚਿਣਗ਼ ਨੂੰ
ਇਕ ਬੁੱਲੇ ਨੂੰ
ਕਿੰਨਾ ਵਿਸ਼ਾਲ ਕਰ ਦਿੰਦਾ ਹੈਂ
ਅਸੀਮ!
ਪਰਮ-ਆਨੰਦ ਤਕ!
ਬੂੰਦ ਤੋਂ ਸਾਗਰ!

## ਯਾਤਰੂ

ਯਾਤਰੂ ਹਾਂ
ਯਾਤਰਾ 'ਤੇ ਆਏ ਹਾਂ
ਇਹ ਜੋ ਇੰਨਾ ਸਾਮਾਨ
ਇਕੱਠਾ ਕੀਤਾ ਹੈ
ਕੀ ਕਰਾਂਗੇ ਇਸਦਾ?
ਵਾਪਸੀ 'ਤੇ
ਨਾਲ ਢੋਇਆ ਨਹੀਂ ਜਾਣਾ।
ਬਕਸਾ ਤਾਂ
ਦਿਨ-ਬ-ਦਿਨ
ਭਾਰਾ ਹੋ ਰਿਹੈ
ਪਤਾ ਨਹੀਂ
ਕੀ-ਕੀ ਕੂੜ-ਕਬਾੜ ਭਰ ਲਿਐ?
ਆਪ ਵੀ ਭਰ ਰਹੇ ਹਾਂ
ਸਾਮਾਨ ਦੇ ਹੰਕਾਰ ਨਾਲ
ਮਾਲਕ ਜੋ ਹਾਂ
ਜਾਂ
ਸਮਝਦੇ ਹਾਂ
ਤੇ
ਹੋ ਰਹੇ ਹਾਂ
ਸਾਮਾਨ ਤੋਂ ਵੀ ਵੱਧ ਭਾਰੇ।
ਯਾਤਰਾ ਦਾ ਆਨੰਦ
ਮਾਣਨ ਦੀ ਥਾਂ
ਉਲਝ ਗਏ ਹਾਂ
ਖ਼ਰੀਦੋ-ਫ਼ਰੋਖ਼ਤ ਵਿਚ
ਪਤਾ ਨਹੀਂ
ਕੀ ਕੁਝ ਲੈ ਲਿਆ ਹੈ
ਕੀ ਕੁਝ ਲੈਣਾ ਹੈ
ਤੇ
ਕੀ ਕੁਝ ਪਿਆ ਹੈ।
ਸਮਝ ਬੈਠੇ ਹਾਂ
ਜਿਵੇਂ ਪੱਕਾ ਹੀ ਰਹਿਣਾ ਹੈ
ਸਦਾ ਦਾ ਸੌਦਾ ਕਰਕੇ ਆਏ ਹਾਂ।
ਯਾਤਰੂ ਹਾਂ
ਯਾਤਰਾ ਦਾ ਆਨੰਦ ਲਈਏ
ਤੇ
ਕੀ ਲੈਣਾ ਹੈ ਉਲਝ ਕੇ
ਜਮ੍ਹਾਂ ਘਟਾਓ ਜ਼ਰਬ ਤੇ ਤਕਸੀਮ ਵਿਚ
ਆਨੰਦ ਮਾਣੀਏ
ਯਾਤਰੂ ਹਾਂ...!

## ਦੁਰਯੋਧਨ

ਦੁਰਯੋਧਨ
ਇਕ ਨਹੀਂ
ਬਹੁਤ ਬੈਠੇ ਨੇ
ਚੀਰ-ਹਰਨ ਕਰਨ ਨੂੰ
ਇਕ-ਦੂਜੇ ਤੋਂ ਕਾਹਲੇ?
ਨਿੱਤ-ਦਿਹਾੜੇ
ਕੋਈ ਨਾ ਕੋਈ
ਦਰੋਪਦੀ ਨੂੰ
ਕੀਤਾ ਜਾ ਰਿਹਾ ਵਸਤਰਹੀਣ
ਤੇ
ਨੋਚਿਆ ਜਾ ਰਿਹੈ ਗਿਰਝਾਂ ਵਾਂਗਰ
ਦਰੋਪਦੀ
ਗੁੰਮ-ਸੁੰਮ ਹੈ
ਡਰੀ ਤੇ ਸਹਿਮੀ ਹੋਈ
ਤਲਾਸ਼ ਰਹੀ ਹੈ
ਸ਼ਾਇਦ ਕੋਈ ਲੱਭ ਪਵੇ
ਕੱਜਣ ਵਾਲਾ।
ਪਰ
ਹੁਣ ਤਾਂ ਕ੍ਰਿਸ਼ਨ
ਤੇ
ਵੀ ਭਰੋਸਾ ਨਹੀਂ ਰਿਹਾ
ਕਿਉਂਕਿ



ਉਹ ਵੀ
ਯੁਧਿਸ਼ਟਰ ਨੂੰ ਛੱਡ
ਦੁਰਯੋਧਨ ਨਾਲ ਰਲ਼ ਗਿਐ।
ਦਰੋਪਦੀ
ਕਲ਼ਪ ਰਹੀ ਹੈ
ਤੜਫ਼ ਰਹੀ ਹੈ
ਕੱਜਣ ਵਾਲੇ
ਖ਼ੁਦ ਹੀ ਵਸਤਰਹੀਣ ਕਰਨ ਲੱਗ ਪਏ ਹਨ।

## ਬੂੰਦ ਹੋਣ ’ਤੇ ਮਾਣ

ਬੂੰਦ ਹਾਂ
ਜਾਣਦੀ ਹਾਂ
ਤੇ
ਮਾਣ ਹੈ ਮੈਨੂੰ ਇਸਦਾ!
ਇਹ ਮੈਂ ਹੀ ਹਾਂ
ਜਿਸਨੇ
ਤੇਰੀ ਸਿਰਜਨਾ ਕੀਤੀ ਹੈ!
ਯਾਦ ਰੱਖ
ਤੇਰਾ ਸਰੋਤ ਹਾਂ ਮੈਂ!
ਇਹ ਜੋ ਵਿਸ਼ਾਲ
ਸਾਗਰ ਪਿਆ ਤੱਕਦੈਂ
ਇਹ
ਮੈਂ ਹੀ ਭਰੇ ਹਨ!
ਮੇਰੇ ਬਿਨ
ਤੇਰੀ ਕੋਈ ਹੋਂਦ ਨਹੀਂ
ਮੇਰੇ ਬਿਨ
ਤੂੰ ਹੋ ਹੀ ਨਹੀਂ ਸਕਦਾ!
ਬਹੁਤਾ ਹੰਕਾਰ ਨਾ ਕਰ
ਬਹੁਤਾ ਅਹਿਮ ਨਾ ਦਿਖਾ
ਅੰਤ ਨੂੰ ਫਿਰ
ਤੂੰ ਵੀ ਬੂੰਦ ਹੀ ਹੋਣਾ ਹੈ
ਬੂੰਦ ਵਿਚ ਹੀ ਰਲਣਾ ਹੈ
ਬੂੰਦ ਹੀ ਬਣਨਾ ਹੈ।



## ਪਿਆਰ ਕਰ ! ਸਰਸ਼ਾਰ ਕਰ !

ਸੌਣ ਬਰਸ ਰਿਹਾ
ਮੈਂ ਤਰਸ ਰਿਹਾ
ਚੱਲ ਆ
ਮਿਲ
ਇਕਰਾਰ ਕਰ
ਮੁਹੱਬਤ ਦਾ ਇਜ਼ਹਾਰ ਕਰ।
ਘੁੱਟ ਲੈ
ਨਾ ਦੂਰ ਰਹਿ
ਪਿਆਰ ਕਰ!
ਸਰਸ਼ਾਰ ਕਰ!
ਸੋਚ ਕਾਹਦੀ
ਦੇਰ ਕਿਉਂ
ਆਰ ਕਰ
ਜਾਂ
ਪਾਰ ਕਰ।
ਪੱਤਝੜ
ਜੇ ਤੂੰ ਨਹੀਂ
ਆ ਵੀ ਜਾਹ
ਬਹਾਰ ਕਰ।
ਰੁੱਸ ਨਾ
ਲਾਡ ਕਰ
ਮਲ੍ਹਾਰ ਕਰ

ਦੁਲਾਰ ਕਰ!
ਕੋਲ ਬੈਠ
ਗੱਲ ਕਰ;
ਦੂਰ ਬੈਠ
ਨਾ ਮਾਰ ਕਰ!
ਇਹ ਦੋ ਪਲ
ਜ਼ਿੰਦਗੀ ਦੇ;
ਐਵੇਂ ਨਾ
ਹੰਕਾਰ ਕਰ!